### ਭਗਤ ਰਵਿਦਾਸ ਜੀ

ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਿਰੇਟਾ।
ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲੁ ਪਲੇਟਾ।
ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤ ਸਹੇਟਾ।
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।
ਕਢਿ ਕਸੀਰਾ ਸਉਪਿਆ ਰਵਿਦਾਸੇ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜ ਅਮੇਟਾ।
ਲਇਆ ਕਸੀਰਾ ਹਥਿ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ।।੧੭।।

– ਭਾਈ ਗੁਰਦਾਸ ਜੀ



# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਫਰਵਰੀ 2000
ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.
ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**
ਐਮ.ਏ., ਪੀ.ਐਚ.ਡੀ.
ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਜੋਗਿੰਦਰ ਸਿੰਘ**
**ਸ. ਉੱਤਮ ਸਿੰਘ**



'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Layout: *sohal specials* (Pager: 9610408677)



ਅੰਕ 2 ◆ ਸਾਲ ਬਾਰ੍ਹਵਾਂ ◆ ਫਰਵਰੀ 2000



2 ਮਿਤ੍ਰ ਅਸਾਡੜੇ ਸੇਈ
3 ਕਰਉ ਬੇਨੰਤੀਆ
4 ਬਿਰਥਾ ਜਾਤ ਅਬਿਬੇਕੈ ▪ ਡਾ. ਹਰਨੇਕ ਸਿੰਘ ਕਲੇਰ
7 ਸਾਜ਼ ▪ ਗਿਆਨੀ ਕੁੰਦਨ ਸਿੰਘ 'ਪਤੰਗ'
11 ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਅਧਿਐਨ ▪ ਡਾ. ਗੁਰਨਾਮ ਸਿੰਘ
15 ਪੁਸਤਕ ਸਮੀਖਿਆ ▪ ਡਾ. ਗੁਰਮੀਤ ਸਿੰਘ ਬੇਦਵਾਣ
18 ਪ੍ਰਭ ਡੋਰੀ ਹਾਥਿ ਤੁਮਾਰੇ... ਜੋ ਤੁਮ ਕਰਹੁ ਸੋਈ ਭਲ ਹਮਰੇ ▪ ਰਮੇਸ਼ ਸਿੰਘ
25 ਗਾਇਕੀ ਦੀ ਇੱਕ ਸੁਰਮਈ ਸ਼ਾਮ
26 The Khaalsaa Philosophy ▪ Tarninder Singh
28 A Film On Gurbani Kirtan ▪ Dr. Bhai Harbans Lal
30 Anand Karaj ▪ Sujan Singh
31 Music: Soothing Balm For Stressed-out Body
32 ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ▪ ਮਨਮੋਹਨ ਸਿੰਘ
34 ਸੁਰ ਲਿਪੀਆਂ ▪ ਪ੍ਰੋ. ਕਰਤਾਰ ਸਿੰਘ ▪ ਭਾਈ ਸੁਬੇਗ ਸਿੰਘ
36 ਓਮ ▪ ਸੋਹਿੰਦਰ ਸਿੰਘ ਵਣਜਾਰਾ ਬੇਦੀ



**ਕਵਰ ਚਿੱਤਰਕਾਰ : ਇਮਰੋਜ਼**
ਵਿਸਮਾਦੁ ਨਾਦ, ਲੁਧਿਆਣਾ ਦੀ ਪੁਸਤਕ
'ਤੂੰ ਸਾਝਾ ਸਾਹਿਬ ਬਾਪੁ ਹਮਾਰਾ' ਵਿੱਚੋਂ ਧੰਨਵਾਦ ਸਹਿਤ



## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

## ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ, ਬਹੁਤ ਬਹੁਤ ਧੰਨਵਾਦ। ਮੈਂ ਨਾ ਸਿਰਫ ਇਹ ਆਪ ਹੀ ਪੜ੍ਹਦਾ ਹਾਂ ਸਗੋਂ ਦੋਸਤਾਂ ਨੂੰ ਵੀ ਪੜ੍ਹਵਾ ਦਿੰਦਾ ਹਾਂ।

*- ਡਾ. ਸੁਭਾਸ਼ ਪਰਿਹਾਰ / ਕੋਟਕਪੂਰਾ*

★ ਆਪ ਜੀ ਦਾ ਟਰੱਸਟ ਬਹੁਤ ਤਰੱਕੀ ਕਰ ਰਿਹਾ ਹੈ। ਮੇਰੀ ਇਹੋ ਅਰਦਾਸ ਹੈ ਕਿ ਇਹ ਹੋਰ ਵੀ ਤਰੱਕੀ ਕਰੇ। ਆਪ ਜੀ ਦਾ ਟਰੱਸਟ 'ਅੰਮ੍ਰਿਤ ਕੀਰਤਨ' ਰਾਹੀਂ ਵੱਧ ਤੋਂ ਵੱਧ ਪ੍ਰਚਾਰ ਦਾ ਕੰਮ ਕਰੇ। ਤੁਹਾਨੂੰ ਪਤਾ ਹੀ ਹੈ ਕਿ ਸਿੱਖ ਧਰਮ ਆਪਣੇ ਸਿਧਾਂਤਾਂ ਤੋਂ ਬਹੁਤ ਦੂਰ ਜਾ ਰਿਹਾ ਹੈ। ਇਸ ਨੂੰ ਸਹੀ ਦਿਸ਼ਾ ਵਿੱਚ ਅੱਗੇ ਲਜਾਣ ਵਾਸਤੇ ਤੁਹਾਡੇ ਵਰਗੇ ਪ੍ਰਚਾਰਕਾਂ ਦੀ ਲੋੜ ਹੈ।

*- ਰਸ਼ਪਾਲ ਸਿੰਘ / ਚੰਡੀਗੜ੍ਹ*

★ 'ਅੰਮ੍ਰਿਤ ਕੀਰਤਨ' ਪਰਿਵਾਰ ਨੂੰ ਨਵੇਂ ਸਾਲ ਦੀ ਵਧਾਈ ਹੋਵੇ। 'ਅੰਮ੍ਰਿਤ ਕੀਰਤਨ' ਮੈਂ ਪਿਛਲੇ ਸਾਲ ਤੋਂ ਪੜ੍ਹ ਰਿਹਾ ਹਾਂ। ਇਸ ਵਿੱਚੋਂ ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਤਾਂ ਮਿਲਦੀ ਹੀ ਹੈ ਤੇ ਨਾਲ ਹੀ ਸਿੱਖ ਇਤਿਹਾਸ ਦੀ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਜਿਸ ਕਾਰਨ ਘਰ ਦੇ ਸਾਰੇ ਮੈਂਬਰ ਇਸ ਨੂੰ ਬੜੇ ਸ਼ੌਕ ਨਾਲ ਪੜ੍ਹਦੇ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ 'ਅੰਮ੍ਰਿਤ ਕੀਰਤਨ' ਪੱਤ੍ਰਿਕਾ ਆਉਣ ਵਾਲੀ ਸਦੀ ਅਤੇ ਨਵੇਂ ਸਾਲ ਵਿੱਚ ਬਹੁਤ ਤਰੱਕੀ ਕਰੇ। ਘਰ ਘਰ ਪਹੁੰਚ ਕੇ ਸੰਗਤਾਂ ਨੂੰ ਰਾਗਮਈ ਗੁਰਮਤਿ ਸੰਗੀਤ ਨਾਲ ਜੋੜੇ। 'ਅੰਮ੍ਰਿਤ ਕੀਰਤਨ' ਵਿੱਚ ਦਿੱਤੀਆਂ ਬੰਦਸ਼ਾਂ ਬਹੁਤ ਪਸੰਦ ਆਉਂਦੀਆਂ ਹਨ। ਇੱਕ ਬੇਨਤੀ ਹੈ ਕਿ ਬੱਚਿਆਂ ਵਾਸਤੇ ਸੰਗੀਤ ਸਿੱਖਿਆ ਦਾ ਇੱਕ ਕਾਲਮ ਸ਼ੁਰੂ ਕਰੋ। ਜਿਸ ਵਿੱਚ ਅਰੰਭ ਤੋਂ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਜਾਵੇ।

*- NB Sub (RT) Daljeet Singh C/o 56 APO*

## ਖ਼ਬਰ

### ਸੈਂਟਰਲ ਪੰਜਾਬੀ ਨਿਊਜ਼ ਪੇਪਰਜ਼ ਐਸੋਸੀਏਸ਼ਨ (ਰਜਿ.) ਦੀ ਸਾਲਾਨਾ ਚੋਣ

ਨਵੀਂ ਦਿੱਲੀ: ਸੈਂਟਰਲ ਪੰਜਾਬੀ ਨਿਊਜ਼ ਪੇਪਰਜ਼ ਐਸੋਸੀਏਸ਼ਨ (ਰਜਿ.) ਦੀ ਸਾਲ 2000 ਲਈ ਅੰਤ੍ਰਿਮ ਕਮੇਟੀ ਦੀ ਚੋਣ ਅੱਜ ਇੱਥੇ ਸਰਦਾਰ ਬਲਬੀਰ ਸਿੰਘ ਬੀਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਮੈਂਬਰਾਂ ਨੂੰ ਦਿੱਤੀ ਗਈ ਅਤੇ ਨਾਲ ਹੀ ਇਸ ਐਸੋਸੀਏਸ਼ਨ ਦੇ ਵਿਸਥਾਰ ਲਈ ਦਿੱਲੀ ਤੋਂ ਬਾਹਰ ਦੇ ਮੈਂਬਰ ਲੈਣ ਲਈ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਅਤੇ ਨਾਲ ਹੀ ਸਾਲ 2000 ਲਈ ਹੇਠ ਲਿਖੀ ਕਮੇਟੀ ਦਾ ਗਠਨ ਕੀਤਾ ਗਿਆ।

| | | |
|---|---|---|
| 1. | ਸ੍ਰ. ਬਲਬੀਰ ਸਿੰਘ ਬੀਰ, ਸਿੰਘ ਸਭਾ ਰਿਪੋਰਟਰ | ਪ੍ਰਧਾਨ |
| 2. | ਸ੍ਰ. ਐਚ. ਐਸ. ਭਾਟੀਆ, ਗੁਰ ਸਿੱਖ ਸੰਦੇਸ਼ | ਸੀਨੀਅਰ ਮੀਤ ਪ੍ਰਧਾਨ |
| 3. | ਸ੍ਰ. ਸਵਰਣ ਸਿੰਘ ਸ਼ਾਨ, ਰਾਮਗੜ੍ਹੀਆ ਪਾਰਲੀਮੈਂਟ | ਮੀਤ ਪ੍ਰਧਾਨ |
| 4. | ਸ੍ਰ. ਹਾਕਮ ਸਿੰਘ, ਗੁਰ ਸਿੱਖ ਸੰਜੋਗ | ਮੀਤ ਪ੍ਰਧਾਨ |
| 5. | ਸ੍ਰ. ਹਰਭਜਨ ਸਿੰਘ ਬਤਰਾ, ਖਾਲਸਾ ਵਿਜ਼ਾਰਡ | ਜਨਰਲ ਸਕੱਤਰ |
| 6. | ਸ੍ਰ. ਸਰਬਸ਼ਕਤੀਮਾਨ, ਰੋਜਾਨਾ ਵਰਤਮਾਨ ਹਿੰਦੁਸਤਾਨ | ਸਕੱਤਰ |
| 7. | ਸ੍ਰ. ਬਲਜੀਤ ਸਿੰਘ ਸੇਠੀ, ਪੰਜਾਬ ਦੀ ਧਰਤੀ | ਸੰਗਠਨ ਸਕੱਤਰ |
| 8. | ਸ੍ਰ. ਐਸ. ਐਸ. ਸਾਹਨੀ, ਦਰਦ ਏ ਨੂਰ | ਮੀਤ ਸਕੱਤਰ |
| 9. | ਸ੍ਰ. ਕੇ ਐਸ. ਨੰਦਾ, ਆਪਸੀ ਵਿਚਾਰ ਪ੍ਰਚਾਰ | ਮੀਤ ਸਕੱਤਰ |
| 10. | ਸ੍ਰ. ਅਮਰਜੀਤ ਸਿੰਘ, ਪਵਿੱਤਰ ਦੇਸ਼ | ਆਫਿਸ ਸਕੱਤਰ |
| 11. | ਸ੍ਰ. ਕੰਵਲਜੀਤ ਸਿੰਘ, ਨਜ਼ਰ ਮੈਂ ਸੰਸਾਰ | ਖਜਾਨਚੀ |
| 12. | ਸ੍ਰ. ਜਸਵੰਤ ਸਿੰਘ ਅਜੀਤ, ਸੇਵਾਦਾਰ | ਪ੍ਰੈਸ ਸਕੱਤਰ |
| 13. | ਸ੍ਰ. ਅਜਬ ਸਿੰਘ ਦਲੇਰ, ਵਿਸ਼ਵ ਏਕਤਾ | ਸਲਾਹਕਾਰ |
| 14. | ਸ੍ਰ. ਜਗਦੀਪ ਸਿੰਘ ਵੋਹਰਾ | ਕਨੂੰਨੀ ਸਲਾਹਕਾਰ |

# ਕਰਉ ਬੇਨੰਤੀਆ

## ਧੰਨਵਾਦ

ਨਵੇਂ ਸਾਲ ਦੇ ਸੰਬੰਧ ਵਿੱਚ ਅਨੇਕਾਂ ਮਿੱਤਰ, ਪਿਆਰਿਆਂ ਤੇ ਸੁਹਿਰਦਾਂ ਦੇ ਸੁੰਦਰ ਵਧਾਈ ਕਾਰਡ ਅਤੇ ਸ਼ੁਭਕਾਮਨਾਵਾਂ ਪ੍ਰਾਪਤ ਹੋਈਆਂ ਹਨ। ਅਸੀਂ ਆਪਣੇ ਵਲੋਂ ਸਭ ਦਾ ਧੰਨਵਾਦ ਕਰਦੇ ਹਾਂ ਅਤੇ ਸ਼ੁਭਕਾਮਨਾਵਾਂ ਭੇਜਦੇ ਹਾਂ।

*ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਪਹਿਲੀ ਜਨਵਰੀ ਸੰਨ ਦੋ ਹਜ਼ਾਰ ਨੂੰ ਅੰਮ੍ਰਿਤ ਵੇਲੇ ਪ੍ਰਸਾਰਿਤ ਹੋਇਆ ਹੁਕਮਨਾਮਾ*

ੴ

**ਸੋਰਠਿ ਮਹਲਾ ੫॥**

**ਗੁਰਿ ਪੂਰੈ ਚਰਨੀ ਲਾਇਆ॥ ਹਰਿ ਸੰਗਿ ਸਹਾਈ ਪਾਇਆ॥**
**ਜਹ ਜਾਈਐ ਤਹਾ ਸੁਹੇਲੇ॥ ਕਰਿ ਕਿਰਪਾ ਪ੍ਰਭਿ ਮੇਲੇ॥੧॥**
**ਹਰਿ ਗੁਣ ਗਾਵਹੁ ਸਦਾ ਸੁਭਾਈ॥ ਮਨਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ॥੧॥ ਰਹਾਉ॥**
**ਨਾਰਾਇਣ ਪ੍ਰਾਣ ਅਧਾਰਾ॥ ਹਮ ਸੰਤ ਜਨਾਂ ਰੇਨਾਰਾ॥**
**ਪਤਿਤ ਪੁਨੀਤ ਕਰਿ ਲੀਨੇ॥ ਕਰਿ ਕਿਰਪਾ ਹਰਿ ਜਸੁ ਦੀਨੇ॥੨॥**
**ਪਾਰਬ੍ਰਹਮ ਕਰੇ ਪ੍ਰਤਿਪਾਲਾ॥ ਸਦ ਜੀਅ ਸੰਗਿ ਰਖਵਾਲਾ॥**
**ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥੩॥**
**ਜਿਸੁ ਦੇਵੈ ਪੁਰਖੁ ਬਿਧਾਤਾ॥ ਹਰਿ ਰਸੁ ਤਿਨ ਹੀ ਜਾਤਾ॥**
**ਜਮ ਕੰਕਰ ਨੇੜਿ ਨ ਆਇਆ॥ ਸੁਖੁ ਨਾਨਕ ਸਰਣੀ ਪਾਇਆ॥੪॥** (ਪੰਨਾ: ੬੨੩)

**ਅਰਥ :**

ਹੇ ਭਾਈ! ਸਦਾ ਪਿਆਰ ਨਾਲ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਂਦੇ ਰਿਹਾ ਕਰੋ। (ਸਿਫ਼ਤਿ ਸਾਲਾਹ ਦੀ ਬਰਕਤਿ ਨਾਲ) ਮਨ-ਮੰਗੇ ਫਲ (ਪ੍ਰਭੂ ਦੇ ਦਰ ਤੋਂ) ਪ੍ਰਾਪਤ ਕਰਦੇ ਰਹੋਗੇ, ਪਰਮਾਤਮਾ ਜਿੰਦ ਦੇ ਨਾਲ (ਵੱਸਦਾ) ਸਾਥੀ (ਪ੍ਰਤੀਤ ਹੁੰਦਾ ਰਹੇਗਾ) ।੧।ਰਹਾਉ।

(ਹੇ ਭਾਈ! ਜਿਸ ਮਨੁੱਖ ਨੂੰ) ਪੂਰੇ ਗੁਰੂ ਨੇ (ਪਰਮਾਤਮਾ ਦੇ) ਚਰਨਾਂ ਵਿੱਚ ਜੋੜ ਦਿੱਤਾ, ਉਸ ਨੇ ਉਹ ਪਰਮਾਤਮਾ ਲੱਭ ਲਿਆ ਜੋ ਹਰ ਵੇਲੇ ਅੰਗ-ਸੰਗ ਵੱਸਦਾ ਹੈ, ਤੇ (ਜਿੰਦ ਦਾ) ਮਦਦਗਾਰ ਹੈ। (ਜੇ ਪ੍ਰਭੂ-ਚਰਨਾਂ ਵਿੱਚ ਜੁੜੇ ਰਹੀਏ, ਤਾਂ) ਜਿੱਥੇ ਭੀ ਜਾਈਏ, ਉੱਥੇ ਹੀ ਸੁਖੀ ਰਹਿ ਸਕੀਦਾ ਹੈ (ਪਰ ਜਿਨ੍ਹਾਂ ਨੂੰ ਚਰਨਾਂ ਵਿੱਚ ਮਿਲਾਇਆ ਹੈ) ਪ੍ਰਭੂ ਨੇ (ਆਪ ਹੀ) ਕਿਰਪਾ ਕਰ ਕੇ ਮਿਲਾਇਆ ਹੈ।੧।

ਹੇ ਭਾਈ! ਮੈਂ ਤਾਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹਾਂ, (ਸੰਤ ਜਨਾਂ ਦੀ ਕਿਰਪਾ ਨਾਲ) ਪਰਮਾਤਮਾ ਜਿੰਦ ਦਾ ਆਸਰਾ (ਪ੍ਰਤੀਤ ਹੁੰਦਾ ਰਹਿੰਦਾ ਹੈ)। ਸੰਤ ਜਨ ਕਿਰਪਾ ਕਰ ਕੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਦਾਤਿ ਦੇਂਦੇ ਹਨ, (ਅਤੇ ਇਸ ਤਰ੍ਹਾਂ) ਵਿਕਾਰਾਂ ਵਿੱਚ ਡਿੱਗੇ ਹੋਇਆਂ ਨੂੰ (ਭੀ) ਪਵਿਤ੍ਰ ਜੀਵਨ ਵਾਲਾ ਬਣਾ ਲੈਂਦੇ ਹਨ।੨।

ਹੇ ਭਾਈ! ਦਿਨ ਰਾਤ (ਹਰ ਵੇਲੇ) ਪਰਮਾਤਮਾ ਦੀ ਸਿਫ਼ਤਿ ਸਾਲਾਹ ਦਾ ਗੀਤ ਗਾਂਦੇ ਰਹਿਣਾ ਚਾਹੀਦਾ ਹੈ, (ਸਿਫ਼ਤਿ ਸਾਲਾਹ ਦੀ ਬਰਕਤਿ ਨਾਲ) ਮੁੜ ਜਨਮ ਮਰਨ ਦੇ ਗੇੜ ਵਿੱਚ ਨਹੀਂ ਪਈਦਾ। ਪਰਮਾਤਮਾ ਆਪ (ਸਿਫ਼ਤਿ ਸਾਲਾਹ ਕਰਨ ਵਾਲਿਆਂ ਦੀ) ਰਾਖੀ ਕਰਦਾ ਹੈ, ਸਦਾ ਉਹਨਾਂ ਦੀ ਜਿੰਦ ਦੇ ਨਾਲ ਰਾਖਾ ਬਣਿਆ ਰਹਿੰਦਾ ਹੈ।੩।

(ਪਰ,) ਹੇ ਨਾਨਕ! ਉਸ ਮਨੁੱਖ ਨੇ ਹੀ ਪਰਮਾਤਮਾ ਦੇ ਨਾਮ ਦਾ ਸੁਆਦ ਸਮਝਿਆ ਹੈ (ਕਦਰ ਜਾਣੀ ਹੈ), ਜਿਸ ਨੂੰ ਸਿਰਜਣਹਾਰ ਸਰਬ-ਵਿਆਪਕ ਪ੍ਰਭੂ ਆਪ (ਇਹ ਦਾਤਿ) ਦੇਂਦਾ ਹੈ। ਪਰਮਾਤਮਾ ਦੀ ਸ਼ਰਨ ਪਿਆ ਰਹਿ ਕੇ ਉਹ ਆਤਮਕ ਆਨੰਦ ਮਾਣਦਾ ਰਹਿੰਦਾ ਹੈ। ਜਮ-ਦੂਤ ਭੀ ਉਸ ਦੇ ਨੇੜੇ ਨਹੀਂ ਢੁਕਦਾ।੪।੯।੫੯।

ਪਰਮਾਤਮਾ ਕਿਰਪਾ ਕਰੇ। ਨਵੇਂ ਸਾਲ ਵਿੱਚ ਸਾਰੇ ਸੰਸਾਰ ਉੱਤੇ ਸੁੱਖਾਂ ਦੀ ਵਰਖਾ ਹੋਵੇ।

# ਬਿਰਥਾ ਜਾਤ ਅਬਿਬੇਕੈ

ਡਾ. ਹਰਨੇਕ ਸਿੰਘ ਕਲੇਰ ★

ਮਾਨਵ ਦੀ ਮਾਨਵ ਦੇ ਦੁੱਖ ਦਰਦਾਂ ਪ੍ਰਤੀ ਤੜਫ਼ ਨੂੰ ਅੰਤਰੀਵ ਤੌਰ ਤੇ ਮਹਿਸੂਸ ਕਰਨਾ ਅਤੇ ਉਸਦੇ ਸਮਾਧਾਨ ਲਈ ਚਿੰਤਾਵਾਨ ਹੋਣਾ ਮਾਨਵੀ ਹਿਰਦੇ ਵਿੱਚ ਰਮਿਆ ਸਹਿਜ ਗੁਣ ਹੈ। ਜੀਵ ਦੀ ਜੀਵਾਤਮਾ, ਪਰਮਾਤਮਾ ਦਾ ਅੰਸ਼ ਹੈ। ਇਸ ਬਿਨਸਣਹਾਰ ਜਗਤ ਦੀ ਹਰ ਸ਼ੈਅ ਵਿੱਚੋਂ ਪਰਮੇਸ਼ਰ ਦੀ ਝਲਕ ਦਿਸਦੀ ਹੈ। ਇਹ ਵਿਚਾਰ ਗੁਰੂਆਂ ਰਿਸ਼ੀ-ਮੁਨੀਆਂ, ਸੰਤਾਂ, ਭਗਤਾਂ ਦੀ ਕਰਨੀ, ਕਥਨੀ ਅਤੇ ਬਾਣੀ ਵਿੱਚ ਪ੍ਰਕਾਸ਼ਵਾਨ ਹੈ। ਇਸ ਵਿਚਾਰ ਵਿੱਚੋਂ ਮਾਨਵ ਕਲਿਆਣ ਦੀ ਭਾਵਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ, ਗੁਰੂ ਸਾਹਿਬਾਨ ਅਤੇ ਪੰਦਰਾਂ ਭਗਤਾਂ ਦੀ ਬਾਣੀ ਵਿੱਚੋਂ ਇਹ ਵਿਚਾਰ ਮਾਨਵ ਸਮਾਨਤਾਂ ਦੇ ਸੰਕਲਪ ਦੇ ਰੂਪ ਵਿੱਚ ਦ੍ਰਿੜ ਹੁੰਦਾ ਹੈ। ਪਹਿਲ-ਪ੍ਰਿਥਮ ਭਗਤੀ ਲਹਿਰ ਵਿੱਚ ਭਗਤ ਨਾਮਦੇਵ ਜੀ ਨੇ ਸਮਾਜਕ ਸਮਾਨਤਾ ਦਾ ਬਿਗਲ ਵਜਾਇਆ ਫਿਰ ਆਪਣੇ ਸਮੇਂ ਵਿੱਚ ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਨੇ ਸਮਾਜਕ ਸਮਾਨਤਾ ਦੀ ਲਹਿਰ ਨੂੰ ਭਾਰਤ ਦੇ ਕੋਨੇ ਕੋਨੇ ਵਿੱਚ ਪਹੁੰਚਾਇਆ। ਇਹਨਾਂ ਪੰਨਿਆਂ ਤੇ ਅਸੀਂ ਮਾਨਵਤਾ ਨੂੰ 'ਬੇਗਮਪੁਰਾ', ਅਤੇ 'ਦੋਮ ਨਾ ਸੇਮ ਏਕ ਸੋ ਆਹੀ' ਦਾ ਸੰਕਲਪ ਦੇਣ ਵਾਲੇ ਸ਼ਿਰੋਮਣੀ, ਸੰਤ, ਭਗਤ ਰਵਿਦਾਸ ਜੀ ਬਾਰੇ ਵਿਚਾਰ ਕਰ ਰਹੇ ਹਾਂ।

ਭਗਤ ਰਵਿਦਾਸ ਜੀ ਦਾ ਜਨਮ ਬਨਾਰਸ ਦੇ ਨੇੜੇ ਮੰਡੂਆ ਡੀਹ ਵਿਖੇ ਮਾਤਾ ਕਰਮਾ ਦੇਵੀ, ਪਿਤਾ ਰਘੂ ਦੇ ਘਰ ਮਾਘ ਸੁਦੀ ਪੰਦਰਾਂ, 1433 ਬਿ. ਸੰ. ਨੂੰ ਹੋਇਆ। ਆਪ ਪ੍ਰਮੇਸ਼ਰ ਦੇ ਰੰਗ ਵਿੱਚ ਰੰਗੇ ਹੋਏ ਕਰਮਯੋਗੀ ਤੇ ਕ੍ਰਾਂਤੀਕਾਰੀ ਵਿਚਾਰਾਂ ਦੇ ਪਰਮ ਪੁਰਸ਼ ਸਨ। ਆਪ ਦਾ ਜੀਵਨ ਨਾਮ ਭਗਤੀ ਦੀ ਪਰਮ ਉਚ ਅਧਿਆਤਮਿਕ ਧਾਰਾ ਸੰਗ ਪ੍ਰਵਾਹਿਤ ਸੀ। ਆਪ ਸਮੁੱਚੇ ਬਹਿਮੰਡ ਨੂੰ ਬ੍ਰਹਮ ਦਾ ਸਰੂਪ ਮੰਨਦੇ ਸਨ। ਆਪ ਜੀ ਸਤ ਚਿਤ ਅਨੰਦਮਈ ਬਿਰਤੀ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਸੱਚੀ-ਸੁੱਚੀ ਮੂਰਤ ਸਨ। ਭਾਵੇਂ ਉਸ ਸਮੇਂ ਮਾਨਵਤਾ ਨੂੰ ਇੱਕ ਸੂਤਰ ਵਿੱਚ ਪਰੋਣ ਲਈ ਆਪ ਦੀ ਕਰਮਸ਼ੀਲਤਾ ਅਧਿਆਤਮਿਕ ਸੀ ਪਰੰਤੂ ਆਪ ਦੀ ਮਨੋਧਾਰਾ ਵਿੱਚ ਸਮੁੱਚਾ ਸਮਾਜ, ਸਮਾਜਿਕ ਸੱਚ-ਅਚਾਰ ਅਤੇ ਸਦਾਚਾਰ ਸਿਰਮੌਰ ਸੀ। ਆਪ ਦੀ ਬਾਣੀ ਵਿੱਚੋਂ ਸਪੱਸ਼ਟ ਹੁੰਦਾ ਹੈ ਕਿ ਆਪ ਪ੍ਰਭੂ ਸੰਗ ਅਭੇਦ ਸਨ ਫਿਰ ਵੀ ਅਕਾਸ਼ ਮੰਡਲ ਦੇ ਵਾਸੀ ਨਹੀਂ ਸਨ। ਭਗਤ ਰਵਿਦਾਸ ਜੀ ਨੇ ਉਸ ਸਮੇਂ ਸਮਾਜ ਵਿੱਚ ਫੈਲੇ ਦੁਖਾਂ ਨੂੰ ਜਨ ਸਧਾਰਨ ਦੇ ਨਾਲ ਹੀ ਭੋਗਿਆ। ਆਪ ਦੀ ਬਾਣੀ ਵਿੱਚੋਂ ਸਮੇਂ ਦੇ ਸਮਾਜ ਵਿੱਚ ਫੈਲੇ ਦੁੱਖ-ਦਰਦ ਦੀ ਡੂੰਘੀ ਹੂਕ ਸੁਣਾਈ ਦਿੰਦੀ ਹੈ।

*ਦਾਰਿਦੁ ਦੇਖਿ ਸਭੁ ਕੋ ਹਸੈ ਐਸੀ ਦਸਾ ਹਮਾਰੀ॥*
*ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥੧॥*

ਭਗਤ ਰਵਿਦਾਸ ਜੀ ਦੀ ਬਾਣੀ ਵਿੱਚੋਂ ਉਸ ਸਮੇਂ ਪੁਰੋਹਿਤਵਾਦ ਦੀ ਸਤਾਈ ਮਨੁੱਖਤਾ ਦੀ ਤਸਵੀਰ ਸਪੱਸ਼ਟ ਹੋ ਰਹੀ ਹੈ। ਆਪ ਕਥਨ ਕਰਦੇ ਹਨ ਕਿ ਗਰੀਬਾਂ ਨਿਮਾਣਿਆਂ ਤੇ ਨਿਤਾਣਿਆਂ ਦੀ ਦੁਰ-ਦਸ਼ਾ ਦੇਖ ਕੇ ਸਾਰੇ ਹੱਸਦੇ ਹਨ। ਕੋਈ ਪ੍ਰਾਣੀ ਵੀ ਉਹਨਾਂ ਦੇ ਦੁੱਖ-ਦਰਦ ਨਹੀਂ ਵੰਡਾਉਂਦਾ। ਆਪ ਨੇ ਨਿਰਭੈ ਹੋ ਕੇ ਮਾਨਵ ਦੀ ਮਾਨਵ ਪ੍ਰਤੀ ਦੁਰਭਾਵਨਾ ਦਾ ਖੁਲਾਸਾ ਕਰਦਿਆਂ, ਰਾਜ ਸਤਾ ਅਤੇ ਧਰਮ ਪੁਰੋਹਿਤਾਂ ਵੱਲੋਂ ਮਾਨਵਤਾ ਨਾਲ ਕੀਤੀ ਜਾਂਦੀ ਬੇਇਨਸਾਫੀ ਵਿਰੁੱਧ ਅਵਾਜ਼ ਉਠਾਈ। ਆਪ ਨੇ ਮਾਨਵ ਦੇ ਸਹਾਰੇ ਦੀ ਲੋਚਾ ਕਰਨ ਵਾਲੇ ਮਾਨਵ ਨੂੰ ਪਰਮੇਸ਼ਰ ਦੀ ਓਟ ਤੇ ਆਸਰਾ ਲੈਣ ਲਈ ਨਾਮ ਭਗਤੀ ਦਾ ਮਾਰਗ ਦਰਸਾਇਆ ਤੇ ਮਾਨਵਤਾ ਨੂੰ ਇਸ ਔਖੀ ਸਥਿਤੀ ਵਿੱਚੋਂ ਕੱਢਣ ਲਈ ਨਿਰਗੁਣ ਭਗਤੀ ਦੀ ਧਾਰਾ ਵਗਾਈ। ਆਪ ਉਪਦੇਸ਼ ਕਰਦੇ ਹਨ ਕਿ ਇੱਕ ਮਨ, ਇੱਕ ਚਿਤ ਹੋ ਕੇ ਪ੍ਰਭੂ ਦੀ ਬੰਦਗੀ ਕਰਨ ਨਾਲ ਹਰ ਮੁਸ਼ਕਿਲ ਹੱਲ ਹੋ ਜਾਂਦੀ ਹੈ। ਪਰਮਾਤਮਾ ਜੀਵ ਦੀ ਜਾਤ-ਨਹੀਂ ਦੇਖਦੇ ਉਹ ਦ੍ਰਿੜ ਨਿਸਚਾ ਪਰਖਦੇ ਹਨ। ਹਰ ਜਾਤ ਤੇ ਧਰਮ ਦਾ ਇਨਸਾਨ ਪਰਮੇਸ਼ਰ ਦੇ ਨਾਮ ਦੀ ਬੰਦਗੀ ਕਰਕੇ ਪਵਿੱਤਰ ਹੋ ਸਕਦਾ ਹੈ। ਮੋਕਸ਼ ਪ੍ਰਾਪਤ ਕਰ ਸਕਦਾ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਪਾਰਬ੍ਰਹਮ ਦੀ ਬੰਦਗੀ ਕਰਨ ਵਾਲੇ ਪ੍ਰਾਣੀ ਦੀਆਂ ਤਾਂ ਕੁਲਾਂ ਵੀ ਤਰ ਜਾਂਦੀਆਂ ਹਨ।

*ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ*
*ਡੋਮ ਚੰਡਾਰ ਮਲੇਛ ਮਨ ਸੋਇ।*
*ਹੋਇ ਪੁਨੀਤ ਭਗਵੰਤ ਭਜਨ ਤੇ,*
*ਆਪੁ ਤਾਰਿ ਤਾਰੇ ਕੁਲ ਦੋਇ॥*

ਉਸ ਸਮੇਂ ਦੇ ਸਮਾਜ ਵਿੱਚ ਪੁਰੋਹਿਤ ਕਰਤਾ ਧਰਤਾ ਸੀ। ਰਾਜਾ ਵੀ ਪੁਰੋਹਿਤ ਦੇ ਸਰਾਪ ਤੋਂ ਡਰਦਾ ਸੀ। ਖਤਰੀ ਦੇ ਹੱਥ ਤਲਵਾਰ ਹੁੰਦੇ ਹੋਏ ਵੀ ਉਹ ਜੰਗ ਜਿੱਤਣ ਲਈ ਧਾਰਮਿਕ ਰਹੁ-ਰੀਤਾਂ ਕਰਨ ਹਿਤ ਪੁਰੋਹਿਤ

★ # 1857/3 ਫੇਜ਼: 10, ਮੋਹਾਲੀ (ਰੋਪੜ)

ਦਾ ਮੁਥਾਜ ਸੀ। ਸਮਾਜ ਵਿੱਚ ਜ਼ਿੰਦਗੀ ਜਿਉਣ ਲਈ ਹਰ ਪ੍ਰਾਣੀ ਦੀ ਟੇਕ ਪੁਰੋਹਿਤ ਉੱਤੇ ਸੀ। ਉਸ ਵੇਲੇ ਹਿੰਦੂ ਧਰਮ ਦਰਸ਼ਨ ਅਨੁਸਾਰ ਸਮਾਜ ਵਰਣਾ; ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਇਹ ਵਰਣ-ਵਿਵਸਥਾ ਕੱਟੜਤਾ ਨਾਲ ਲਾਗੂ ਸੀ। ਭਾਵੇਂ ਭਗਤ ਰਵਿਦਾਸ ਜੀ ਨੇ ਅਖੌਤੀ ਨੀਵੀਂ ਸ਼ੂਦਰ ਜਾਤੀ ਵਿੱਚ ਜਨਮ ਲਿਆ ਪਰੰਤੂ ਆਪ ਨੇ ਜੀਵ ਨੂੰ ਬ੍ਰਹਮ ਦੀ ਅੰਸ਼ ਮੰਨਦਿਆਂ ਹਰ ਜਾਤੀ ਦੇ ਪ੍ਰਾਣੀ ਨੂੰ ਸਰਵ-ਸਾਂਝਾ ਉਪਦੇਸ਼ ਦਿੱਤਾ। ਆਪ ਦਾ ਹਰ ਬੋਲ ਹੀ ਮਾਨਵਤਾ ਲਈ ਕਲਿਆਣਕਾਰੀ ਸੀ। ਆਪ ਨੇ ਚਹੁੰ ਵਰਣਾਂ ਦੇ ਹਿਰਦਿਆਂ ਵਿੱਚ ਗਿਆਨ ਦਾ ਦੀਪ ਜਗਾਇਆ ਇਸ ਲਈ ਆਪ ਨੂੰ ਚਹੁੰ-ਵਰਣਾਂ ਵਿੱਚ ਹੀ ਵਡਿਆਈ ਮਿਲੀ। ਚਹੁੰ-ਵਰਣਾਂ ਨੇ ਹੀ ਸਤਿਕਾਰ ਸਹਿਤ ਆਪ ਨੂੰ ਨਮਸਕਾਰ ਕੀਤੀ। ਇਸ ਸਬੰਧੀ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਆਪ ਦੀ ਵਡਿਆਈ ਕਰਦੇ ਲਿਖਦੇ ਹਨ:

*ਰਵਿਦਾਸ ਚਮਾਰੁ ਉਸਤਤਿ ਕਰੇ*
*ਹਰਿ ਕੀਰਤਿ ਨਿਮਖ ਇਕ ਗਾਇ।*
*ਪਤਿਤ ਜਾਤਿ ਉਤਮ ਭਇਆ*
*ਚਾਰਿ ਵਰਨ ਪਏ ਪਗਿ ਆਇ।*

ਭਗਤ ਰਵਿਦਾਸ ਸਾਰਾ ਜੀਵਨ ਮਾਨਵਤਾ ਦੀ ਪੀੜਾਂ ਹਰਨ ਲਈ ਸੰਘਰਸ਼ਸ਼ੀਲ ਰਹੇ। ਆਪ ਨੇ ਪੁਰੋਹਿਤ ਵਰਗ ਵਲੋਂ ਸੁਆਰਥ ਹਿਤ ਚਲਾਏ ਪਖੰਡਾਂ ਵਿੱਚ ਫਸੀ ਮਾਨਵਤਾ ਨੂੰ ਨਿਰਗੁਣ ਭਗਤੀ ਦਾ ਉਪਦੇਸ਼ ਦੇ ਕੇ ਪਰਮੇਸ਼ਰ ਦੇ ਲੜ ਲਾਇਆ। ਉਸ ਸਮੇਂ ਨੀਵੀਆਂ ਕਥਨ ਕੀਤੀਆਂ ਜਾਂਦੀਆਂ ਜਾਤੀਆਂ ਨੂੰ ਰੱਬ ਦਾ ਨਾਮ ਜਪਣ ਅਤੇ ਮੰਦਿਰ ਜਾਣ ਦੀ ਆਗਿਆ ਨਹੀਂ ਸੀ। ਸਿਰਫ ਪੁਰੋਹਿਤ ਹੀ ਵਿੱਦਿਆ ਪੜ੍ਹ ਤੇ ਪੜ੍ਹਾ ਸਕਦਾ ਸੀ। ਆਪ ਨੇ ਜਨ ਸਧਾਰਨ ਨੂੰ ਉਪਦੇਸ਼ ਦਿੱਤਾ ਕਿ ਨਿਰਗੁਣ ਭਗਤੀ ਕਰਨ ਲਈ, ਨਾ ਮੰਦਿਰ ਦੀ ਲੋੜ ਹੈ ਨਾ ਹੀ ਮੂਰਤੀ ਦੀ। ਨਿਰਗੁਣ ਭਗਤੀਧਾਰਾ ਵਿੱਚ ਪਰਮੇਸ਼ਰ ਦੇ ਨਾਮ ਦੀ ਭਗਤੀ ਕਰਨ ਲਈ, ਕਿਸੇ ਕਿਸਮ ਦੀ ਸੰਸਾਰੀ ਵਸਤੂ, ਧੂਫ਼, ਦੀਪ, ਚੰਦਨ, ਫ਼ਲ, ਫੁੱਲ, ਗੰਗਾ-ਜਲ, ਦੁੱਧ ਅਤੇ ਹੋਰ ਪੂਜਾ ਸਮੱਗਰੀ ਦੀ ਲੋੜ ਨਹੀਂ, ਪਰਮੇਸ਼ਰ ਨੂੰ ਸਿਰਫ ਤਨ ਤੇ ਮਨ ਹੀ ਅਰਪਨ ਕਰਨਾ ਪੈਂਦਾ ਹੈ। ਪਰਮੇਸ਼ਰ ਜੀਵ ਦੇ ਸੱਚੇ-ਸੁੱਚੇ ਪਿਆਰ ਸੰਗ ਹੀ ਰੀਝਦੇ ਹਨ। ਆਪ ਰਾਗ ਗੁਜਰੀ ਵਿੱਚ ਰਚੇ ਇੱਕ ਸ਼ਬਦ ਰਾਹੀਂ ਸਮਝਾਉਂਦੇ ਹਨ ਕਿ ਪੁਰੋਹਿਤਾਂ ਵੱਲੋਂ ਆਪਣੇ ਇਸ਼ਟ ਦੇਵ ਨੂੰ ਖੁਸ਼ ਕਰਨ ਹਿਤ ਭੇਂਟ ਕੀਤੀਆਂ ਜਾਂਦੀਆਂ ਸਾਰੀਆਂ ਹੀ ਵਸਤੂਆਂ ਸੰਸਾਰੀ ਜੀਵਾਂ ਦੀਆਂ ਜੂਠੀਆਂ ਕੀਤੀਆਂ ਹੋਈਆਂ ਹਨ। ਉਦਾਹਰਣ ਵਜੋਂ ਗਾਂ ਦੇ ਦੁੱਧ ਨੂੰ ਪਹਿਲਾਂ ਵੱਛੇ ਨੇ ਚੁੰਘ ਕੇ ਜੂਠਾ ਕਰ ਦਿੱਤਾ ਹੈ। ਪੂਜਾ ਲਈ ਲਿਆਂਦੇ ਫੁੱਲਾਂ ਨੂੰ ਵੀ ਪਹਿਲਾਂ ਭੌਰੇ ਨੇ ਸੁੰਘਿਆ ਹੈ। ਸਾਰਾ ਜਲ ਮੱਛਲੀਆਂ ਨੇ ਅਪਵਿੱਤਰ ਕੀਤਾ ਹੋਇਆ ਹੈ। ਪਰਮੇਸ਼ਰ ਅਜਿਹੀ ਸਮੱਗਰੀ ਪ੍ਰਵਾਨ ਨਹੀਂ ਕਰਦੇ। ਉਹ ਤਾਂ ਜੀਵ ਤੋਂ ਨਿਰਮਲ ਤਨ ਤੇ ਮਨ ਦੀ ਭੇਂਟ ਹੀ ਸਵੀਕਾਰ ਕਰਦੇ ਹਨ। ਇਸ ਲਈ ਜੀਵ ਨੂੰ ਪੁਰੋਹਿਤਾਂ ਦੀ ਤਰ੍ਹਾਂ ਝੂਠੇ ਆਡੰਬਰ ਕਰਨ ਦੀ ਲੋੜ ਨਹੀਂ। ਪਰਮੇਸ਼ਰ ਦੀ ਕ੍ਰਿਪਾ-ਦ੍ਰਿਸ਼ਟੀ ਪਾਉਣ ਲਈ ਉਸਦੇ ਚਰਨਾਂ ਵਿੱਚ ਸੱਚੇ ਹਿਰਦੇ ਤੋਂ ਤਨ ਤੇ ਮਨ ਅਰਪਣ ਕਰਨਾ ਚਾਹੀਦਾ ਹੈ।

*ਦੂਧੁ ਤ ਬਛਰੈ ਥਨਹੁ ਬਿਟਾਰਿਓ॥*
*ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥*
*ਤਨੁ ਮਨੁ ਅਰਪਉ ਪੂਜ ਚਰਾਵਉ॥*
*ਗੁਰ ਪਰਸਾਦਿ ਨਿਰੰਜਨੁ ਪਾਵਉ॥੪॥*

ਭਗਤ ਰਵਿਦਾਸ ਜੀ ਨੇ ਭਗਤੀ ਦੀ ਨਿਰਗੁਣ ਧਾਰਾ ਨਾਲ ਪੁਰੋਹਿਤਵਾਦ ਵੱਲੋਂ ਚਲਾਏ ਹੋਰਨਾਂ ਫੋਕਟ ਕਰਮ-ਕਾਂਡਾਂ ਨੂੰ ਵੀ ਰੱਦ ਕਰ ਦਿੱਤਾ ਉਸ ਸਮੇਂ ਮੰਦਿਰਾਂ ਵਿੱਚ ਦੇਵਤਿਆਂ ਦੀ ਆਰਤੀ ਕੀਤੀ ਜਾਂਦੀ ਸੀ। ਇਹ ਆਰਤੀ ਦਾ ਵਿਧਾਨ ਵੀ ਝੂਠ ਤੇ ਪਖੰਡ ਹੀ ਸੀ। ਇਸ ਲਈ ਆਪ ਨੇ ਜਨ ਸਧਾਰਨ ਨੂੰ ਸਪੱਸ਼ਟ ਕੀਤਾ ਕਿ ਪਰਮੇਸ਼ਰ ਦੇ ਨਾਮ 'ਸਤਿਨਾਮ' ਆਰਤੀ ਕਰੋ। ਹਿਰਦੇ ਵਿੱਚ ਪਰਮਾਤਮਾ ਦੀ ਜੋਤ ਜਗਾਓ। ਆਪ ਨੇ ਕਿਹਾ "*ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।*" ਜੀਵ ਨੂੰ ਹਿਰਦੇ ਵਿੱਚ ਪਰਮਾਤਮਾ ਦੇ ਨਾਮ ਦੀ ਜੋਤਿ ਜਗਾਉਣੀ ਚਾਹੀਦੀ ਹੈ। ਸ਼ੁੱਧ ਮਨ ਨਾਲ ਮਸਤਕ ਵਿੱਚ ਜਗਾਈ ਹੋਈ ਜੋਤਿ ਹੀ ਮਾਨਵ ਦੇ ਮਨ ਮੰਦਰ ਵਿੱਚ ਪ੍ਰਕਾਸ਼ ਕਰਦੀ ਹੈ। ਉਸ ਸਮੇਂ ਵਿੱਚ ਪੁਰੋਹਿਤ ਦੁਆਰਾ ਸਦੀਆਂ ਤੋਂ ਸਥਾਪਿਤ ਆਰਤੀ ਦੇ ਵਿਧਾਨ ਨੂੰ ਚਣੌਤੀ ਦੇਣ ਵਾਲਾ ਕੋਈ ਮਾਨਵ ਹਿਤਕਾਰੀ ਪ੍ਰਭ ਪਿਆਰਾ ਪਰਮ ਪੁਰਸ਼ ਹੀ ਹੋ ਸਕਦਾ ਹੈ। ਆਪ ਨੇ ਪਰਮੇਸ਼ਰ ਦੇ ਨਾਮ ਦੀ ਜੋਤਿ ਦੇ ਪ੍ਰਕਾਸ਼ ਦਾ ਗੁਣਗਾਨ ਕਰਦਿਆਂ ਬਾਣੀ ਬੋਲੀ "*ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥*" ਹਿਰਦੇ ਵਿੱਚ ਨਾਮ ਰੂਪੀ ਜੋਤਿ ਲਗਾਉਣ ਨਾਲ ਮਨ ਰੂਪੀ ਭਵਨ ਉਜਲਾ ਹੋ ਜਾਂਦਾ ਹੈ। ਇਸ ਲਈ ਹੀ ਅਜਿਹੇ ਬ੍ਰਹਮ ਸਰੂਪ ਮਹਾਂ-ਮਾਨਵ ਦੀ ਉਸਤਤ ਵਿੱਚ 'ਆਦਿ ਬੀੜ' ਦੇ ਲਿਖਾਰੀ ਭਾਈ

ਗੁਰਦਾਸ ਜੀ ਨੇ ਲਿਖਿਆ ਹੈ ਕਿ ਆਪ ਨੇ ਚਹੁੰ ਵਰਣਾਂ ਭਾਵ, ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਨੂੰ ਪਰਮੇਸ਼ਰ ਦੇ ਨਾਮ ਜਪਣ ਦੀ ਜੁਗਤ ਸਮਝਾਈ। ਇਸ ਲਈ ਹੀ ਆਪ ਚਹੁੰ ਦਿਸਾਵਾਂ ਵਿੱਚ ਪ੍ਰਸਿੱਧ ਹੋ ਗਏ ਸਨ।"

*ਭਗਤੁ ਭਗਤੁ ਜਗਿ ਵਜਿਆ*
*ਚਹੁੰ ਚੱਕਾਂ ਦੇ ਵਿੱਚ ਚਮਰੇਟਾ।*
*ਪਾਣਾ ਗੰਢੇ ਰਾਹ ਵਿੱਚ ਭਲਾ*
*ਧਰਮ ਢੋਇ ਢੋਰ ਸਮੇਟਾ।*
*ਜਿਉ ਕਰਿ ਮੈਲੇ ਚੀਥੜੇ*
*ਹੀਰਾਂ ਲਾਲ ਅਮੋਲ ਪਲੇਟਾ।*
*ਚਹੁੰ ਵਰਨਾ ਉਪਦੇਸ਼ਦਾ*
*ਗਿਆਨ ਧਿਆਨੁ ਕਰਿ ਭਗਤ ਸਹੇਟਾ।*

ਭਗਤ ਜੀ ਨੇ ਅਖੌਤੀ ਨੀਵੀਂ ਜਾਤੀ ਵਿੱਚ ਜਨਮ ਲਿਆ। ਆਪ ਨੇ ਸਦਾ ਚੰਗੇ ਕੰਮ ਕੀਤੇ। ਮਾਨਵਤਾ ਦਾ ਭਲਾ ਸੋਚਿਆ। ਉਸ ਸਮੇਂ ਸਮਾਜ ਵਿੱਚ ਪ੍ਰਚੱਲਿਤ ਜਾਤੀ ਭੇਦ-ਭਾਵ ਨੂੰ ਅਮਾਨਵੀ ਵਿਚਾਰ ਦੱਸਿਆ ਅਤੇ ਹਰ ਜਾਤੀ ਤੇ ਧਰਮ ਦੇ ਮਾਨਵ ਨੂੰ ਸੱਚ ਦਾ ਉਪਦੇਸ਼ ਦਿੱਤਾ। ਆਪ ਦੀ ਸੱਚੀ ਨਾਮ ਭਗਤੀ ਤੇ ਬਾਣੀ ਤੋਂ ਪ੍ਰਭਾਵਿਤ ਹੋ ਕੇ ਗਾਂਗਰੌਨਗੜ੍ਹ ਦੇ ਰਾਜਾ ਪੀਪਾ, ਚਿਤੌੜ ਦੀ ਰਾਣੀ ਰਤਨ ਕੁੰਵਰੀ (ਸ੍ਰਾਲਾ ਬਾਈ) ਮੀਰਾ ਬਾਈ ਅਤੇ ਉਸ ਸਮੇਂ ਦੇ ਪ੍ਰਧਾਨ ਪੰਡਿਤਾਂ ਨੇ ਵੀ ਆਪ ਦੀ ਚਰਨ ਸ਼ਰਨ ਲਈ ਤੇ ਆਪ ਤੋ ਨਾਮ ਦਾਨ ਤੇ ਉਪਦੇਸ਼ ਗ੍ਰਹਿਣ ਕੀਤਾ। ਆਪ ਨੇ ਸਹਿਜ ਭਾਅ ਹੀ ਆਪਣੀ ਬਾਣੀ ਵਿੱਚ ਦੱਸਿਆ ਕਿ ਮੇਰੇ ਪਰਿਵਾਰ ਦੇ ਲੋਕ ਤਾਂ ਬਨਾਰਸ ਦੇ ਨੇੜੇ ਦੇ ਪਿੰਡਾਂ ਵਿੱਚ ਮਰੇ ਹੋਏ ਪਸ਼ੂਆਂ ਨੂੰ ਢੋਣ ਭਾਵ ਚਮੜੇ ਨਾਲ ਸਬੰਧਤ ਕਾਰ ਕਰਦੇ ਹਨ। ਅਜਿਹੀ ਨੀਵੀਂ ਜਾਤ ਵਿੱਚ ਜਨਮ ਧਾਰਨ ਕਰਨ ਵਾਲੇ ਪ੍ਰਾਣੀ ਨੂੰ ਜੇਕਰ ਰਾਜੇ ਰਾਣੀਆਂ ਤੇ ਪ੍ਰਧਾਨ ਪੰਡਿਤ ਨਮਸਕਾਰ ਕਰਦੇ ਹਨ ਤਾਂ ਇਸ ਲਈ ਕਿ ਮੈਂ ਉਸ ਪਰਮੇਸ਼ਰ ਦਾ ਭਗਤ ਹਾਂ। ਭਗਤੀ ਹਿਤ ਉਸਦੇ ਗੁਣ ਗਾਉਂਦਾ ਹਾਂ। ਉਸਦੇ ਭਜਨ ਨਾਲ ਜਮ ਦੀ ਫਾਂਸੀ ਵੀ ਕੱਟੀ ਜਾਣੀ ਹੈ। ਮੋਕਸ ਦੀ ਪ੍ਰਾਪਤੀ ਵੀ ਹੋ ਜਾਣੀ ਹੈ।

*ਜਾ ਕੇ ਕੁਟੰਬ ਨੇ ਢੇਢ ਸਭ ਢੋਰ ਢੋਵੰਤ ਫਿਰਹਿ*
*ਅਜਹੁ ਬੰਨਾਰਸੀ ਆਸਾ ਪਾਸਾ॥*
*ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ॥*
*ਤਿਨ ਤਨੈ ਰਵਿਦਾਸ ਦਾਸਾਨ ਦਾਸ॥੩॥*

ਭਗਤ ਰਵਿਦਾਸ ਜੀ ਨੇ ਜਾਤ-ਪਾਤ ਉੱਤੇ ਮਾਨਵ ਵਲੋਂ ਮਾਨਵ ਦੇ ਸ਼ੋਸ਼ਣ ਨੂੰ ਮਿਟਾਉਣ ਲਈ ਸਮਾਜ ਤੇ ਰਾਜ ਦੇ ਸਨਮੁਖ 'ਬੇਗਮਪੁਰਾ' ਦਾ ਸੰਕਲਪ ਰੱਖਿਆ ਕਿ ਇਸ ਧਰਤੀ ਉੱਤੇ ਸਾਰੀ ਮਾਨਵਤਾ ਮਿਲ ਕੇ ਅਜਿਹਾ ਰਾਜ ਸਥਾਪਿਤ ਕਰੇ ਜਿਸ ਵਿੱਚ ਇਸ ਪੰਜ ਤੱਤਾਂ ਦੀ ਰਚਨਾ ਜੀਵ ਦੀ ਮਾਨਵ ਸੁਆਰਥ ਵਸ ਦਰਜਾਬੰਦੀ ਨਾ ਕਰੇ। ਕੋਈ ਵੀ ਮਨੁੱਖ "*ਦੋਮ ਨਾ ਸੇਮ ਨਾ ਹੋਵੇ, ਸਭ ਏਕ ਸੋ ਆਹੀ॥*", ਭਾਵ ਇੱਕ ਸਮਾਨ, ਸਾਰੇ ਹੀ ਅਵਲ ਦਰਜਾ ਰੱਖਦੇ ਹੋਣ ਭਾਵ ਇੱਕ ਸਮਾਨ ਜਨਮ ਧਾਰਨ ਕਰਨ ਵਾਲੇ ਮਨੁੱਖ ਨੂੰ ਜਾਤਾਂ ਵਿੱਚ ਵੰਡ ਕੇ ਉੱਚਾ-ਨੀਵਾਂ ਨਾ ਕੀਤਾ ਜਾਵੇ। ਪਰਮਾਤਮਾ ਦੇ ਦਰ ਹਰ ਮਾਨਵ ਬਰਾਬਰ ਹੈ। ਜੀਵ ਦੀ ਰਚਨਾ ਪ੍ਰਕਿਰਿਆ ਇੱਕ ਹੈ। ਉਸ ਦਾ ਸਰੂਪ ਇੱਕ ਹੈ। ਉਸ ਦੀ ਉਤਪਤ ਦਾ ਢੰਗ ਇੱਕ ਹੈ। ਹਰ ਇੱਕ ਪ੍ਰਾਣੀ ਨੇ ਬਿਨਸ ਜਾਣਾ ਹੈ। ਇਹ ਰਚਨਾ ਪਾਣੀ ਦੇ ਬੁਲਬੁਲੇ ਦੀ ਨਿਆਈ ਹੈ। ਮਾਨਵ ਦੇਹ ਵਿਚਾਰਸ਼ੀਲ ਹੈ। ਇਸ ਵਿੱਚ ਜਨਮ ਧਾਰਨਾ ਦੁਰਲੱਭ ਹੈ। 'ਮਾਨੁੱਖਾ ਅਵਤਾਰ ਦੁਲਭ' ਮਨੁੱਖ ਦੇਹੀ ਵਿੱਚ ਆ ਕੇ ਅਜਿਹਾ ਅਮਾਨਵੀ ਵਿਚਾਰ ਰੱਖਣਾ 'ਕਰਤੂਤ ਪਸ਼ੂ ਕੀ ਮਾਨਸ ਜਾਤ' ਦੇ ਸਮਾਨ ਹੈ। ਭਗਤ ਰਵਿਦਾਸ ਜੀ ਨੇ ਅੱਜ ਤੋਂ ਛੇ ਸਦੀਆਂ ਪਹਿਲਾਂ ਸਮਾਜ ਵਿੱਚ ਪ੍ਰਚਲਿਤ ਜਾਤ-ਪਾਤ ਦੇ ਅਮਾਨਵੀ ਵਿਚਾਰ ਨੂੰ ਨਿਕਾਰਦਿਆਂ ਬਾਣੀ ਬੋਲੀ ਅੱਜ ਵੀ ਪੂਰਨ ਰੂਪ ਵਿੱਚ ਪ੍ਰਸੰਗਿਕ ਹੈ।

*ਦੁਲਭੁ ਜਨਮੁ ਪੁੰਨ ਫਲ ਪਾਇਓ*
*ਬਿਰਥਾ ਜਾਤ ਅਬਿਬੇਕੈ।*


*With compliments from*

**Kulvinder Singh**

Phone : (O) 3312440
Resi. : 5721753

# SAWHNEY CLOTH HOUSE

46, Shanker Market, Connaught Circus, New Delhi - 110 001

## ਗਿਆਨੀ ਕੁੰਦਨ ਸਿੰਘ 'ਪਤੰਗ'

(ਜਨਵਰੀ ਅੰਕ ਦਾ ਬਾਕੀ)

23. ਬਰਬਤ : ਅਰਬੀ ਮੌਸੀਕੀ ਦਾ ਪੁਰਾਣਾ ਸਾਜ਼ ਹੈ। ਇਹ 'ਫੀਸਾ ਗੌਰਸ' ਦੀ ਕਾਢ ਹੈ। ਇੱਕ ਤਖਤੇ ਤੇ ਚਾਲੀ ਤਾਰਾਂ ਇਸ ਤਰ੍ਹਾਂ ਲਾਈਆਂ ਜਾਂਦੀਆਂ ਹਨ, ਕਿ ਇਸ ਦੀ ਲੰਬਾਈ ਘਟਦੀ ਜਾਂਦੀ ਹੈ ਤੇ ਪਤਲੀਆਂ ਪਤਲੀਆਂ ਚੋਭਾਂ ਨਾਲ ਵਜਾਇਆ ਜਾਂਦਾ ਹੈ।

24. ਜਲ ਤਰੰਗ : ਚੀਨੀ ਦੀਆਂ ਸੋਲਾਂ (16) ਪਿਆਲੀਆਂ ਨੂੰ ਤਰਤੀਬ ਨਾਲ ਵੱਡੀ ਤੋਂ ਛੋਟੀਆਂ ਹੁੰਦੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਪਾਣੀ ਪਾਕੇ ਸੁਰ ਕੀਤੀਆਂ ਜਾਂਦੀਆਂ ਹਨ। ਅਰਧ ਚੰਦ ਸ਼ਕਲ ਵਿੱਚ ਰੱਖ ਕੇ ਦੋਹਾਂ ਹੱਥਾਂ ਵਿੱਚ ਇੱਕ ਇੱਕ ਫੜ ਕੇ ਵਜਾਇਆ ਜਾਂਦਾ ਹੈ। ਤਬਲਾ: ਤਰੰਗ, ਕਲਤਰੰਗ ਘੰਟੀ ਤਰੰਗ, ਬੋਤਲ ਤਰੰਗ ਤੇ ਲੋਕੜ ਤਰੰਗ ਇਸ ਢੰਗ ਤੇ ਬਣਾਏ ਗਏ ਹਨ ਅਤੇ ਸੰਗੀਤ ਵਿੱਚ ਵਰਤੇ ਜਾਂਦੇ ਹਨ।

ਮਹਾਨ ਕੋਸ਼ ਦੇ ਪੰਨਾ 1531 ਤੇ ਲਿਖਿਆ ਹੈ ਕਿ 'ਸੰਗਯਾ', ਜਲਵਾਦਯ ਇੱਕ ਵਾਜਾ ਜੋ ਧਾਤ ਅਥਵਾ ਚੀਨੀ ਦੀਆਂ ਛੋਟੀਆਂ ਵੱਡੀਆਂ ਬਾਈ (22) ਕਟੋਰੀਆਂ ਵਿੱਚ ਜਲ ਪਾ ਕੇ ਬਣਵਾਇਆ ਜਾਂਦਾ ਹੈ। ਵੱਡੀ ਤੇ ਬਹੁਤੇ ਜਲ ਵਾਲੀ ਦਾ ਸੁਰ, ਉਤਰਿਆ, ਛੋਟੀ ਤੇ ਥੋੜ੍ਹੇ ਜਲ ਵਾਲੀ ਦਾ ਸੁਰ ਚੜ੍ਹਿਆ ਹੁੰਦਾ ਹੈ। ਪਾਣੀ ਵੱਧ ਘੱਟ ਕਰਨ ਤੋਂ ਸੁਰ ਠੀਕ ਕਰ ਲਈਦਾ ਹੈ। ਅਚੱਲ ਠਾਠ ਬਣਾ ਕੇ ਲੱਕੜੀ ਦੀ ਸੋਟੀ, ਅਥਵਾ ਮੂੰਗਲੀ ਨਾਲ ਇਸ ਨੂੰ ਵਜਾਈਦਾ ਹੈ।

25. ਟੋਸੀ ਕੋਟੋ : ਇਹ ਜਪਾਨੀ ਸਾਜ਼ ਹੈ। ਇਸ ਵਿੱਚ ਕਈ ਤਾਰਾਂ ਹੁੰਦੀਆਂ ਹਨ ਤੇ ਚਾਬੀਆਂ ਲੱਗਦੀਆਂ ਹਨ, ਤਜਰਬੇ ਨਾਲ ਛੇੜਿਆ ਜਾਂਦਾ ਹੈ।

26. ਬੰਸਰੀ : ਮੁਰਲੀ। ਇਹ 'ਸ੍ਰੀ ਕ੍ਰਿਸ਼ਨ ਭਗਵਾਨ' ਦੀ ਕਾਢ ਹੈ। ਇਸ ਵਿੱਚ ਛੇਕ ਹੁੰਦੇ ਹਨ। ਫੂਕ ਨਾਲ ਵਜਾਈ ਜਾਂਦੀ ਹੈ। ਸੁਰਾਖ ਖੋਹਲਣ ਨਾਲ ਧੁਨੀ ਪੈਦਾ ਹੁੰਦੀ ਹੈ। ਕਹਿੰਦੇ ਹਨ, ਕਿ 'ਬੰਸਰੀ ਦਾ ਕੀ ਵਜਾਉਣ ਹੈ? ਮੂੰਹ ਹੀ ਵਿੰਗਾ ਕਰ ਲੈਣਾ ਹੈ। 'ਕ੍ਰਿਸ਼ਨ ਜੀ' ਨੂੰ ਹੁਣ ਤੱਕ 'ਬੰਸੀ ਵਾਲਿਆ ਕਾਨ੍ਹਾ' ਕਹਿ ਕੇ ਚੇਤੇ ਕੀਤਾ ਜਾਂਦਾ ਹੈ।

*ਕਰਨਹੁ ਮਧੁ ਬਾਸੁਰੀ ਬਾਜੇ ਜਿਹਵਾ ਧੁਨਿ ਆਗਾਜਾ॥...*
*ਰਿਖੀ ਕੇਸ ਗੋਵਰਧਾਰੀ ਮੁਰਲੀ ਮਨੋਹਰ ਹਰਿ ਰੰਗਾ॥*
(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: 5)

27. ਅਲਗੋਜਾ : ਅਲਗੋਜੇ ਜਾਂ ਲੰਗੋਜੇ ਇਹ ਬੰਸਰੀ ਨਾਲ ਮਿਲਦੇ ਜੁਲਦੇ ਹਨ। ਬੰਸਰੀ ਵਿੱਚ ਟੇਢੀ ਕਰਕੇ ਫੂਕ ਮਾਰਦੇ ਹਨ। ਇਹਨਾਂ ਵਿੱਚ ਗਾਈਦਾ ਵੀ ਹੈ। ਗਾਉਣ ਵਾਸਤੇ ਜੋੜਾ ਅਲਗੋਜੇ ਚਾਹੀਦੇ ਹਨ। ਇਕੱਲਾ ਅਲਗੋਜਾ ਬਹੁਤੇ ਬੱਚੇ ਰੱਖਦੇ ਹਨ।

28. ਸੁਰ ਸੰਗਾ : ਇਹ ਇੱਕ ਸਿੰਗ ਹੁੰਦਾ ਹੈ, ਜੋ ਜੋਗੀਆਂ ਨੂੰ ਇਕੱਠੇ ਕਰਨ ਲਈ ਵਜਾਇਆ ਜਾਂਦਾ ਹੈ। ਇਸ ਤੇ ਸੱਪ ਝੂੰਮਣ ਲੱਗ ਜਾਂਦਾ ਹੈ। *"ਸੁਰਤਿ ਸਬਦੁ ਸਾਖੀ ਮੇਰੀ, ਸਿੰਙੀ ਬਾਜੈ ਲੋਕ ਸੁਣੈ॥"* (ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 877)

29. ਪਿਆਨੋ : ਇਸ ਨੂੰ ਅਰਗਨੋ ਭੀ ਆਖਦੇ ਹਨ। ਇਹ ਯੂਰਪੀਨੀ ਸਾਜ਼ ਹੈ। ਅੱਜ ਕੱਲ੍ਹ ਸਾਡੇ ਭਾਰਤੀ ਸਾਜ਼ਾਂ ਨਾਲ ਰਲ ਮਿਲ ਗਿਆ ਹੈ। ਹਲਕੇ ਗਵੱਈਆਂ ਅਤੇ ਮਿਲਵੇਂ ਸਾਜ਼ਾਂ ਨਾਲ ਵਜਾਇਆ ਜਾਂਦਾ ਹੈ।

30. ਕਰੰਟ : ਇਹ ਯੂਰਪੀਨੀ ਸਾਜ਼ ਹੈ। 'ਬਿਗਲ' ਦਾ ਰੂਪ ਹੈ। ਛੋਟਾ ਜਿਹਾ ਪਿੱਤਲ ਦਾ ਹੈ। ਜਿਸ ਤੇ ਪਿੱਤਲ ਦੀਆਂ ਤਿੰਨ ਚਾਬੀਆਂ ਹੁੰਦੀਆਂ ਹਨ। ਇਹਨਾਂ ਤੋਂ ਸਾਰੇ ਸੁਰ ਹੁੰਦੇ ਹਨ।

31. ਕਲਾਰੰਟ : ਬੰਸਰੀ ਦੀ ਤਰੱਕੀ ਯਾਫਤਾ ਸ਼ਕਲ ਹੈ। ਬੰਸਰੀ ਦੀ ਤਰ੍ਹਾਂ ਸੁਰਾਖਾਂ ਤੋਂ ਬਿਨ੍ਹਾਂ ਚਾਬੀਆਂ ਭੀ ਹੁੰਦੀਆਂ ਹਨ। ਇਸ ਦੀ ਅਵਾਜ਼ ਗੰਭੀਰ ਹੁੰਦੀ ਹੈ। ਯੂਰਪ ਤੋਂ ਆਇਆ ਹੋਇਆ ਸਾਜ਼ ਹੈ। ਇਸ ਨੂੰ ਕਲਾਰਨਟ ਵੀ ਆਖਦੇ ਹਨ।

32. ਪੌਂਗੀ : ਇਸ ਦੀ ਅਵਾਜ਼ ਅਸਰਦਾਰ ਹੁੰਦੀ ਹੈ। ਜੋਗੀਆਂ ਨੂੰ ਇਕੱਠਾ ਕਰਨ ਲਈ ਵਜਾਇਆ ਜਾਂਦਾ ਹੈ। ਇਸ ਨਾਲ ਦੋ ਨਾਲੀਆਂ ਜੋੜੀਆਂ ਹੁੰਦੀਆਂ ਹਨ। ਜਿਨ੍ਹਾਂ ਤੇ ਸੁਰ ਹੁੰਦੇ ਹਨ। ਇਸ ਤੇ ਸੱਪ ਮਸਤ ਹੋ ਜਾਂਦਾ ਹੈ।

33. ਵੰਝਲੀ : ਇਹ ਰਾਂਝੇ ਕੋਲ ਹੀ ਸੁਣਨ ਵਿੱਚ ਆਈ ਹੈ। ਬੰਸਰੀ ਜੈਸੀ ਹੀ ਹੁੰਦੀ ਹੈ। *"ਜਲਦ ਵਾਂਸ ਵਢਾਈਐ, ਵੰਝਲੀਆਂ ਵਜਾਇ ਬੇਬਾਣੀ"* (ਵਾਰ 17, ਪੌੜੀ 5) *"ਵੰਝਲੀਐ ਸ਼ੀਗਾਰਿ ਮਜਲਸ ਮਾਣੀਐ"* (ਵਾਰ 19, ਪੌੜੀ 4)

34. ਸ਼ਹਿਨਾਈ : 'ਬੂਅਲੀ ਸੈਨਾ' ਦੀ ਕਾਢ ਹੈ ਇਸ ਦਾ ਅਸਲੀ ਨਾਮ 'ਸ਼ੇ-ਨਾਈ' ਹੈ। ਇਸ ਵਿੱਚ ਇੱਕ ਪੱਤੀ

ਲਾਈ ਜਾਂਦੀ ਹੈ, ਜਿਸ ਨਾਲ ਸੁਰ ਉਪਜਦਾ ਹੈ। *"ਕਿਤੜੇ ਲੱਖ ਨਗਾਰਚੀ ਕੇਤੜਿਆਂ ਢੋਲੀ ਸ਼ਹਿਨਾਈ"* (ਵਾਰ 1 ਪੌੜੀ 30)

35. **ਨਫੀਰੀ** : ਇਹ ਸ਼ਹਿਨਾਈ ਜੈਸਾ ਹੀ ਸਾਜ਼ ਹੈ, ਸਾਰੇ ਅਸੂਲ ਸ਼ਹਿਨਾਈ ਜੈਸੇ ਹੀ ਹਨ ਮਾਮੂਲੀ ਭੇਦ ਹੈ। (ਮਹਾਨ ਕੋਸ਼, ਪੁਰਾਣੀ ਐਡੀਸ਼ਨ ਦੇ ਪੰਨਾ 2041) ਤੇ ਲਿਖਿਆ ਹੈ ਕਿ 'ਨਫੀਰੀ' ਫਾਰਸੀ ਸੰਗਯਾ ਸ਼ਹਿਨਾਈ ਫੂਕ ਨਾਲ ਵਜਾਉਣ ਦਾ ਇੱਕ ਵਾਜਾ ਜੋ ਭੇਰੀ (ਛੋਟੀ ਨੌਬਤ) ਨਾਲ ਮਿਲਾ ਕੇ ਵਜਾਈਦਾ ਹੈ। ਮਹਾਰਾਜਿਆਂ ਤੇ ਬਾਦਸ਼ਾਹਾਂ ਦੇ ਦਰਾਂ ਤੇ ਨੌਬਤ ਨਫੀਰੀ ਵੱਜਣ ਦੀ ਬਹੁਤ ਪੁਰਾਣੀ ਰੀਤੀ ਹੈ।

36. **ਸੰਖ** : ਹਿੰਦੂ ਮੰਦਰਾਂ ਵਿੱਚ ਪੁਜਾਰੀ ਸਵੇਰ ਸ਼ਾਮ ਵਜਾਉਂਦੇ ਹਨ। ਸਮੁੰਦਰ ਦੀ ਪੈਦਾਇਸ਼ ਹੈ ਇੱਕ ਕੀੜੇ ਦਾ ਘਰ ਹੈ। ਪ੍ਰਾਚੀਨ ਰਿਸ਼ੀਆਂ ਕੋਲ ਵੀ ਸੰਖ ਹੁੰਦੇ ਸਨ। 'ਸੰਖ, ਤਿਲਕ, ਮਾਲਾ ਬਿਰਾਜਤਿ' (ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਾਮਦੇਵ ਜੀ)

37. **ਘੜਿਆਲ** : ਹਿੰਦੂ ਧਾਰਮਿਕ ਅਸਥਾਨਾਂ ਤੇ ਇਹ ਸੰਖ ਨਾਲ ਖੜਕਾਇਆ ਜਾਂਦਾ ਹੈ। ਘੜਿਆਲ, ਸੰਗਯਾ, ਘੰਟਾ ਅਥਵਾ ਕਾਲ (ਸਮਾਂ) ਦੱਸਣ ਦਾ ਘੰਟਾ, ਕਾਂਸੀ ਆਦਿ ਧਾਤਾਂ ਦਾ ਮਿਲਗੋਭਾ ਤਵੇ ਦੇ ਅਕਾਰ ਦੀ ਇੱਕ ਵਸਤੂ, ਜਿਸ ਨੂੰ ਦੇਵ ਮੰਦਰਾਂ ਵਿੱਚ ਵਜਾਈਦਾ ਹੈ। (ਪੁਰਾਣੀ ਐਡੀਸ਼ਨ ਮਹਾਨ ਕੋਸ਼, ਪੰਨਾ 1322) *"ਫਰੀਦਾ ਦਰਿ ਦਰਵਾਜੈ ਜਾਇਕੈ ਕਿਉ ਡਿਠੋ ਘੜਿਆਲ।"* (ਸਲੋਕ 39)

38. **ਢੋਲਕ** : ਇਹ ਵੀ 'ਅਮੀਰ ਖੁਸਰੋ' ਦੀ ਕਾਢ ਹੈ ਤੇ ਕੁਵਾਲੀ ਕਰਨ ਵਾਲਿਆਂ ਦਾ ਸਾਜ਼ ਹੈ, ਇਸ ਦੀ ਅਵਾਜ਼ ਪਖਾਵਜ਼ ਤੇ ਤਬਲੇ ਤੋਂ ਵੱਖਰੀ ਹੈ।

39. **ਹਾਰਮੋਨੀਅਮ** : ਇਸ ਦੀ ਸ਼ਕਲ ਪਿਆਨੋ ਨਾਲ ਮਿਲਦੀ ਜੁਲਦੀ ਹੈ। ਹਰ ਸੁਰ ਦੀ ਇੱਕ ਚਾਬੀ ਹੁੰਦੀ ਹੈ। ਇਹ ਸੰਗੀਤ ਦੀਆਂ ਬਾਰੀਕੀਆਂ ਨੂੰ ਅਦਾ ਨਹੀਂ ਕਰ ਸਕਦਾ, ਹਵਾ ਨਾਲ ਵੱਜਣ ਵਾਲੇ ਸਾਜ਼ਾਂ ਵਿੱਚੋਂ ਹੈ। ਇਸ ਨੂੰ ਅੱਧਾ ਸਾਜ਼ ਆਖਦੇ ਹਨ। ਕਿਉਂਕਿ ਟੋਹ ਕੇ ਵਜਾਇਆ ਜਾਂਦਾ ਹੈ।

40. **ਪਖਾਵਜ** : ਇਹ 'ਕਰੇਨਸ ਜੀ' ਦੀ ਕਾਢ ਹੈ। ਇੱਕ ਪਾਸੇ ਸਿਆਹੀ ਤੇ ਦੂਜੇ ਪਾਸੇ ਆਟਾ ਲਾਇਆ ਜਾਂਦਾ ਹੈ। ਇਸ ਵਿੱਚੋਂ ਕਈ ਤਰ੍ਹਾਂ ਦੀ ਅਵਾਜ਼ ਪੈਦਾ ਹੁੰਦੀ ਹੈ। ਕਦੇ ਤੋਪ, ਬਿਜਲੀ ਤੇ ਕਦੇ ਚਿੜੀਆਂ ਦੀ ਚਿਰਚਰਾਹਟ ਜਿਹੀ ਅਵਾਜ਼ ਨਿਕਲਦੀ ਹੈ।

41. **ਤਬਲਾ** : ਪਖਾਵਜ ਦੇ ਦੋ ਟੁੱਕੜੇ ਕਰਕੇ 'ਅਮੀਰ ਖੁਸਰੋ' ਨੇ ਬਣਾਇਆ ਹੈ। ਇਹ ਪਖਾਵਜ ਤੋਂ ਅੱਡਰਾ ਹੁੰਦਾ ਹੈ। ਪਖਾਵਜ ਪੂਰੇ ਹੱਥ ਨਾਲ ਵਜਾਇਆ ਜਾਂਦਾ ਹੈ। ਇਹ ਕੇਵਲ ਉਂਗਲਾਂ ਦੇ ਪੋਟਿਆਂ ਨਾਲ ਵਜਦਾ ਹੈ। ਇਸ ਨੂੰ 'ਜੋੜੀ' ਭੀ ਆਖਦੇ ਹਨ। ਇੱਕ ਨੂੰ 'ਧਾਮਾ' ਤੇ ਇੱਕ ਨੂੰ 'ਪੁੜਾ' ਆਖਦੇ ਹਨ। ਇਹ ਹਾਰਮੋਨੀਅਮ ਜਾਂ ਤਾਰਾਂ ਦੇ ਸਾਜ਼ ਨਾਲ ਮਿਲ ਕੇ ਵਜਾਇਆ ਜਾਂਦਾ ਹੈ। ਦੋਹਾਂ ਉੱਪਰ ਚਮੜਾ ਮੜ੍ਹਿਆ ਹੁੰਦਾ ਹੈ। ਇੱਕ ਤੇ ਸਿਆਹੀ ਤੇ ਇੱਕ ਤੇ ਆਟਾ ਲਾਇਆ ਜਾਂਦਾ ਹੈ।

ਕੁਝ ਲੋਕਾਂ ਦਾ ਕਹਿਣਾ ਹੈ, ਕਿ ਪ੍ਰਾਚੀਨ ਕਾਲ ਵਿੱਚ 'ਡੂਰ ਡੂਰ' ਨਾਮ ਦਾ 'ਵਾਦਯ' ਅੱਜ ਕਲ੍ਹ ਦੇ 'ਤਬਲੇ' ਨਾਲ ਮਿਲਦਾ ਸੀ। ਜਿਸ ਦੇ ਅਧਾਰ ਤੇ ਤਬਲਾ ਬਣਿਆ।

ਇਤਿਹਾਸ ਵਿੱਚ ਲਿਖਿਆ ਹੈ ਕਿ 'ਸ਼ਿਵ ਜੀ ਮਹਾਰਾਜ' ਨੇ ਇੱਕ ਦੈਂਤ ਨੂੰ ਮਾਰ ਕੇ ਖੁਸ਼ੀ ਵਿੱਚ ਤਾਂਡਵ ਨਾਚ ਸ਼ੁਰੂ ਕੀਤਾ, ਉਹਨਾਂ ਦੇ ਪੁੱਤਰ 'ਗਣੇਸ਼ ਜੀ' ਨੇ ਟੋਆ ਪੁੱਟ ਕੇ ਮਰੇ ਦੈਂਤ ਦੀ ਖੱਲ ਲਾਕੇ ਟੋਏ ਉੱਤੇ ਮੜ੍ਹ ਕੇ ਤਾਂਡਵ ਨਾਚ ਨਾਲ ਸੁਰ ਮਿਲਾਇਆ, ਜਿੱਥੋਂ ਤਬਲੇ ਦੀ ਹੋਂਦ ਹੋਈ। 'ਤਾਂਡਵ' 'ਡੌਰੂ' ਦਾ ਨਾਮ ਹੈ।

ਤਾਂਡਵ ਤੋਂ 'ਤਾ' ਤੇ ਪਾਰਵਤੀ ਦੇ ਘੱਗਰੇ ਦੀ ਲਾਉਣ (ਲਾਸਾ) ਤੋਂ 'ਲਾ' ਲੈ ਕੇ 'ਤਾਲ' ਸ਼ਬਦ ਦੀ ਬਣਤਰ ਬਣੀ।

ਤੇਰ੍ਹਵੀਂ ਸਦੀ ਈਸਵੀ ਤੋਂ ਬਾਦ ਹੌਲੀ ਹੌਲੀ ਗਾਇਨ ਦੇ ਪ੍ਰਚਾਰ ਬਿਸਥਾਰ ਦੇ ਨਾਲ 'ਤਬਲਾ' 'ਅਵਨਦ ਵਾਦਯ' ਪ੍ਰਚਾਰ ਚੋਖਾ ਹੋਇਆ। 'ਤਬਲੇ' ਦੇ ਇਤਿਹਾਸ ਵਿੱਚ 1300 ਈ: ਦੇ ਆਸ-ਪਾਸ 'ਅਮੀਰ ਖੁਸਰੋ' ਦਾ ਕਾਲ ਬੜਾ ਮਹੱਤਵ ਮੰਨਿਆ ਜਾਂਦਾ ਹੈ। 'ਸੁਧਾਰ ਖਾਂ' ਦੁਆਰਾ ਤਬਲੇ ਦਾ ਪ੍ਰਚਾਰ ਬਹੁਤ ਹੋਇਆ, ਫਾਰਸੀ ਦੇ 'ਤਬਲ' ਸ਼ਬਦ ਤੋਂ ਇਸ ਦਾ ਅਰਥ 'ਨਗਾਰਾ' ਦੇ ਅਧਾਰ ਤੇ ਇਸ 'ਵਾਦਯ' ਦਾ ਨਾਮ 'ਤਾਲ' ਤਬਲਾ ਪੈ ਗਿਆ।

ਤਬਲੇ ਦੇ ਅੱਠ ਅੱਖਰ ਹੁੰਦੇ ਹਨ। ਜੈਸੇ :

ਤਾ, ਤਿਨ, ਤਿਟ, ਕੇ, ਗੇ, ਧਾ, ਧਿਨ, ਡੂੰ।

ਦੋਹਰਾ: ਧਾ ਤਿਨ, ਨਕ ਕਿਨ, ਨਾਨਾ ਤਿਨ, ਤਕ ਦਿਨ, ਤਤ ਵੀਚਾਰ।

ਤਬਲੇ ਦੇ ਦਸ ਵਰਣ ਇਹ ਇਨ ਕੋ ਲੇਹੁ ਸੁਧਾਰ।

ਤਬਲੇ ਦੇ ਦੱਸ ਅੰਗ ਹਨ :

1 ਲੱਕੜੀ 2 ਬੱਧੀ (ਬੱਧਰੀ) 3 ਗੱਟਾ

4 ਗਜਰਾ 5 ਗੁਡੜੀ 6 ਘਰ
7 ਪੁੜੀ 8 ਲਵ 9 ਸਿਆਹੀ
10 ਚਾਟੀ।

42. **ਮ੍ਰਿਦੰਗ** : ਮਹਾਨ ਕੋਸ਼ ਤੇ ਪੰਨਾ 3008 ਤੇ ਲਿਖਿਆ ਹੈ ਕਿ ਮ੍ਰਿਦੰਗ, ਸੰਗਯਾ, ਦੋਹਾਂ ਸਿਰਿਆਂ ਤੋਂ ਪਤਲਾ ਹੁੰਦਾ ਹੈ। ਇਹ ਚੰਮ ਨਾਲ ਮੜ੍ਹਿਆ ਅਤੇ ਚੰਮ ਦੀਆਂ ਬੱਧੀਆਂ ਨਾਲ ਖਿੱਚਿਆ ਜਾਂਦਾ ਹੈ। ਇਸ ਦਾ ਸੱਜਾ ਪੁੜਾ ਸਿਆਹੀ ਵਾਲਾ ਅਤੇ ਖੱਬੇ ਪਾਸੇ ਦਾ ਖਾਲੀ ਹੁੰਦਾ ਹੈ। ਜਿਸ ਪਰ ਆਟਾ ਲਾਈਦਾ ਹੈ।

ਇਹ ਪਹਿਲੇ ਮਿੱਟੀ ਦਾ ਹੁੰਦਾ ਸੀ।

ਮ੍ਰਿਦ: ਮਿੱਟੀ ਦਾ ਅੰਗ ਬਣਿਆ ਹੋਇਆ। ਆਵੀ ਵਿੱਚ ਪਕਾਇਆ ਜਾਂਦਾ ਸੀ। ਉਹ ਭਾਰਾ ਹੁੰਦਾ ਸੀ ਤੇ ਠੋਕਰ ਨਾਲ ਫੁੱਟ ਜਾਂਦਾ ਸੀ। ਜਿਸ ਕਰਕੇ ਲੱਕੜਾਂ ਦਾ ਬਣਾਇਆ ਗਿਆ। ਹੁਣ ਵੀ ਬੰਗਾਲ, ਬਿਹਾਰ ਤੇ ਯੂ.ਪੀ. ਵੱਲ ਮਿੱਟੀ ਦੇ ਮ੍ਰਿਦੰਗ ਹਨ। ਉਹਨਾਂ ਦੀ ਅਵਾਜ਼ ਲੱਕੜ ਨਾਲੋਂ ਕੁਝ ਮਿੱਠੀ ਹੁੰਦੀ ਹੈ।

*ਢੋਲ ਮ੍ਰਿਦੰਗ ਵਜੇ ਸਭ ਹੀ ਇਸ ਹੀ ਪਰ ਆਜਚ ਕੁਲਾਰਲ ਭਾਰੀ॥*

*ਬਜਾਵਨਹਾਰੋ ਕਹਾ ਮਇਓ ਜਿਲ ਇਹ ਮੰਦਰੁ (ਮ੍ਰਿਨੰਗ) ਕੀਨਾ॥*

43. **ਡੱਫ** : ਇਹ 'ਅਫਲਾਤੂਨ' ਦੀ ਕਾਢ ਹੈ। ਲੱਕੜੀ ਦੀ ਗੋਲ ਪੇਟ ਤੇ ਖੱਲ ਮੜ੍ਹੀ ਹੁੰਦੀ ਹੈ। ਮਹਾਨ ਕੋਸ਼, ਪੰਨਾ 1668 ਤੇ ਡੱਫ ਫ: ਦੱਫ ਸੰਗਯਾ ਇੱਕ ਪਾਸਿਓਂ ਚੰਮ ਨਾਲ ਮੜ੍ਹਿਆ ਗੋਲ ਵਾਜਾ ਜੋ ਡਗੇ ਨਾਲ ਵਜਾਈਦਾ ਹੈ। ਡਫੜਾ, ਡਫਲਾ।

ਪੁਰਾਣੇ ਸਮਿਆਂ ਵਿੱਚ ਜੰਵ ਨਾਲ ਡਫੜੇ ਜਾਂਦੇ ਹੁੰਦੇ ਵਜਾਉਣ ਵਾਲੇ ਦੇ ਗਲ ਵਿੱਚ ਲਟਕਾਇਆ ਹੁੰਦਾ, ਬਾਟੇ ਤੇ ਚੰਮੜਾ ਮੜ੍ਹਿਆ ਹੁੰਦਾ ਅਤੇ ਦੋ ਪਤਲੇ ਤੱਗਿਆਂ ਵਜਾਈਦਾ ਹੈ।

44. **ਦੁੰਦਭ, ਦੁੰਦਭਿ** : ਨਿਰੁਕਤ (ਕੋਸ਼) ਵਿੱਚ ਲਿਖਿਆ ਹੈ ਕਿ ਸ਼ਬਦ ਦੇਂ ਅਨੁਕਰਣ ਤੋਂ ਇਹ ਨਾਮ ਹੈ:

ਸੰ: ਸੰਗਯਾ, ਲਗਾਰਾ, ਧੌਸਾ।
ਨਗਾਰਾ, ਫਾਰਸੀ: ਨਾਕਾਰਹ, ਸੰਗਯਾ, ਧੌਸਾ।
ਦੁੰਦਭਿ: (ਮਹਾਨ ਕੋਸ਼, ਪੰਨਾ 2031)

45. **ਲਉਬਤ, ਲਉਬਤਿ, ਨੌਬਤ** : ਸੰਗਯਾ, ਬਾਰੀ ਵੱਡਾ ਨਗਾਰਾ (ਮਹਾਨ ਕੋਸ਼, ਪੰਨਾ 2022)

46. **ਟੰਮਕ** : ਸੰਗਯਾ, ਛੋਟਾ ਨਗਾਰਾ, 'ਟਮ ਟਮ', ਸ਼ਬਦ ਜਿਸ ਵਿੱਚੋਂ ਨਿਕਲੇ। ਵਜਨਿ ਟੰਮਕ ਭੇਰੀਆਂ। (ਮਹਾਨ ਕੋਸ਼, ਪੰਨਾ 1655, ਸ੍ਰੀ ਰਾਗ ਪੰਨਾ 74)

47. **ਭੇਰੀ ਭੇਰਿ** : ਸੰ: ਸੰਗਯਾ, ਨਫੀਰੀ ਨਾਲ ਵਜਾਉਣ ਵਾਲਾ ਨਗਾਰਾ। (ਮਹਾਨ ਕੋਸ਼, ਪੰਨਾ 2795) ਭੇਰੀ ਸਡੋ ਰਡ (ਸਲੋਕ ਫਰੀਦ 45)

48. **ਨਗਾਰਾ** : ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਵੇਲੇ ਸਿੱਖ ਧਰਮ ਵਿੱਚ ਆਇਆ, ਉਹਨਾਂ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿੱਚ ਕਾਇਮ ਕਰਕੇ ਉੱਥੇ ਨਗਾਰਾ ਅਸਥਾਪਨ ਕੀਤਾ, ਕਿਉਂਕਿ ਇਹ ਬੀਰ ਰਸ ਦਾ ਸਾਜ਼ ਹੈ। ਫੌਜਾਂ ਦੇ ਜੰਗ ਨੂੰ ਚੜ੍ਹਨ ਸਮੇਂ ਨਗਾਰੇ ਤੇ ਚੋਟਾਂ ਲਾਈਆਂ ਜਾਂਦੀਆਂ ਹਨ। ਚੰਡੀ ਦੀ ਵਾਰ ਵਿੱਚ ਲਿਖਿਆ ਹੈ ਕਿ 'ਸਟ ਪਈ ਖਰਚਾਮੀ ਦਲਾਂ ਮੁਕਾਬਲਾ'।

(ਨਗਾਰਾ) ਇਹ ਗੁਰਦੁਆਰਿਆਂ ਅੰਦਰ ਸਵੇਰ ਤੇ ਸ਼ਾਮ ਅਰਦਾਸ਼ ਵੇਲੇ, ਪਹਿਰ ਦੇ ਤੜਕੇ ਜਗਾਉਣ ਲਈ ਤੇ ਗੁਰੂ ਦਾ ਲੰਗਰ ਵਰਤਣ ਵੇਲੇ ਵਜਾਇਆ ਜਾਂਦਾ ਹੈ। ਘੋੜਿਆਂ ਅਥਵਾ ਊਠਾਂ ਦੇ ਦੋਹੀਂ ਪਾਸੀਂ ਦੋ ਨਗਾਰੇ (ਛੋਟੇ ਛੋਟੇ) ਬੰਨ੍ਹ ਕੇ ਫੌਜ ਵਿੱਚ ਜੰਗ ਸਮੇਂ ਖੜਕਾਏ ਜਾਂਦੇ ਹਨ, ਇਸੇ ਨੂੰ 'ਦਮਾਮਾ' ਭੀ ਆਖਦੇ ਹਨ। ਜੋ ਕਿ ਫਾਰਸੀ ਦਾ ਸ਼ਬਦ ਹੈ। ਯਥਾ *"ਗਗਨ ਦਮਾਮਾ ਬਾਜਿਓ ਪਰਿਓ ਨਿਸਾਨੇ ਘਾਓ"* (ਮਾਰੂ ਕਬੀਰ ਜੀ) ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ (ਫਰੀਦ ਜੀ, ਸਲੋਕ 55)

49. **ਡਉਰੂ-ਡਉਰੂ-ਡਉਰੂ** ਸੰ: ਡਮਰੂ ਸੰਗਯਾ ਇੱਕ ਵਾਜਾ ਜੋ ਇੱਕੋ ਹੱਥ ਨਾਲ ਵਜਾਈਦਾ ਹੈ। ਇਸ ਦਾ ਵਿਚਕਾਰਲਾ ਭਾਗ ਪਤਲਾ, ਦੋਵੇਂ ਸਿਰੇ ਚੌੜੇ ਅਤੇ ਚੰਮ ਨਾਲ ਮੜ੍ਹੇ ਹੋਏ ਹੁੰਦੇ ਹਨ। ਮ੍ਰਿਦੰਗ ਦੀ ਤਰ੍ਹਾਂ ਰੱਸੀਆਂ ਨਾਲ ਕਸਿਆ ਜਾਂਦਾ ਹੈ। ਦੋ ਛੋਟੀਆਂ ਕੱਪੜੇ ਦੀਆਂ ਡੋਡੀਆਂ ਲੰਮੀ ਰੱਸੀ ਨਾਲ ਬੱਧੀਆਂ ਹੁੰਦੀਆਂ ਹਨ। ਜੀਂਦ ਹੱਥ ਨਾਲ ਡਉਰੂ ਹਿਲਾਈਦਾ ਹੈ ਤਦ ਉਹ ਡੋਡੀਆਂ ਚੰਮ ਉੱਪਰ ਵਜਦੀਆਂ ਹਨ, ਜਿਸ ਤੋਂ 'ਡੰਮ ਡੰਮ' ਦੀ ਅਵਾਜ਼ ਆਉਂਦੀ ਹੈ। ਇਹ 'ਸ਼ਿਵ ਜੀ ਮਹਾਰਾਜ' ਦਾ ਪਿਆਰਾ ਸਾਜ਼ ਹੈ। ਯਥਾ "ਬਰਦ ਚਢੇ ਡਉਰੂ ਚਮਕਾਵੈ" (ਮਹਾਨ ਕੋਸ਼, ਪੰਨਾ 1666)

ਡਉਰੂ, ਡੋਰ ਅਤੇ ਡੰਮਰੂ: 'ਮਹਾਏ ਜੀ' ਦੀ ਕਾਢ ਹੈ।

ਕਈ ਕਹਿੰਦੇ ਹਨ ਕਿ ਡਉਰੂ ਇੱਕ ਰੁਖਾ ਤੇ ਡਮਰੂ ਦੋ ਰੁਖਾ (ਤਰਫ) ਜਿਸ ਨੂੰ ਗੁੱਗਾ ਮੰਗਣ ਵਾਲੇ ਜਾਂ ਗੁੱਗੇ ਨੂੰ ਗਾਉਣ ਵਾਲੇ ਡਉਰੂ ਵਾਲੇ ਡਉਰੂ ਦੀ ਸ਼ਕਲ

ਦਾ ਤੇ ਇਸ ਤੋਂ ਵੱਡਾ ਹੁੰਦਾ ਹੈ ਅਤੇ ਛੋਟੀ ਜਿਹੀ ਮੁੜਵੀਂ ਖੂੰਡੀ ਨਾਲ ਵਜਾਉਂਦੇ ਹਨ। ਉਹ ਡੰਮਰੂ ਹੁੰਦਾ ਹੈ।

50. **ਦਾਇਰਾ, ਦਾਰੀਆਂ** : ਇਹ ਡੱਫ ਦੀ ਸ਼ਕਲ ਦਾ ਤੇ ਉਸ ਤੋਂ ਛੋਟਾ ਹੁੰਦਾ ਹੈ। ਆਮ ਕਰਕੇ ਇਸ ਨੂੰ ਜਲਸੇ ਵਾਲੇ (ਜਿਸ ਵਿੱਚ ਨਚਾਰ ਨਚਦਾ ਹੁੰਦਾ ਹੈ।) ਰੱਖਦੇ ਹਨ। ਇਸ ਵਿੱਚ ਪਿੱਤਲ ਦੇ ਗੋਲ ਟੁੱਕੜੇ ਲੱਕੜ ਵਿੱਚ ਪਾਏ ਜਾਂਦੇ ਹਨ। ਇੱਕ ਪਾਸੇ ਚਮੜਾ ਮੜ੍ਹਿਆ ਹੁੰਦਾ ਹੈ, ਇੱਕ ਹੱਥ ਨਾਲ ਵਜਾਈਦਾ ਹੈ।

51. **ਖੰਜਰੀ** : ਨਹੁੰ ਨਾਲ ਵਜਾਈਦੀ ਹੈ। ਇਹ ਡੱਫ ਨਾਲੋਂ ਅੱਡਰੀ ਸ਼ਕਲ ਦੀ ਹੁੰਦੀ ਹੈ।

52. **ਮਜ਼ੀਰੇ** : ਇਹ ਪਿੱਤਲ ਦੀਆਂ ਦੋ ਕਟੋਰੀਆਂ ਹੁੰਦੀਆਂ ਹਨ। ਯਥਾ: ਖਾਨ ਮਜ਼ੀਰੇ (ਛੈਣੇ) ਟੱਕਰਾਂ ਸਿਰ ਤਨਿ ਭਨਿ ਮਰਦੇ ਕਰ ਧੜਿਆਂ (ਵਾਰ 33, ਪੰਨਾ 13) ਰਾਮ ਕਹੇ ਕਰ ਤਾਲ (ਛੈਣੇ) ਬਜਾਵੈ (ਭੈਰੋਂ 'ਨਾਮਦੇਵ ਜੀ')

ਛੈਣਾ, ਸੰਗਯਾ, ਛਣਕਾਰ ਕਰਨ ਦਾ ਵਾਜਾ, ਕਾਂਸੀ ਦਾ ਤਾਲ ਜੋ ਮੰਦਰਾਂ ਵਿੱਚ ਆਰਤੀ ਅਥਵਾ ਕੀਰਤਨ ਸਮੇਂ ਵਜਾਇਆ ਜਾਂਦਾ ਹੈ (ਮਹਾਨ ਕੋਸ਼, ਪੰਨਾ 1477)

53. **ਖੜਤਾਲ** : ਭਜਨ ਗਾਇਨ ਵਾਲੇ ਇਸ ਨੂੰ ਹੱਥਾਂ ਨਾਲ ਵਜਾਉਂਦੇ ਹਨ। ਲੱਕੜ ਵਿੱਚ ਪਿੱਤਲ ਦੇ ਟੁੱਕੜੇ ਦਿੱਤੇ ਹੁੰਦੇ ਹਨ। ਯਥਾ: ਕਰ ਕਰਿਤਾਲ (ਖੜਤਾਲ) ਪਖਾਵਜ ਨੈਨਹੁ ਮਾਥੈ ਵਜਹਿ ਨਬਾਬਾ (ਆਸਾ ਮਹਲਾ 5)

54. **ਢੋਲ** : ਸੰ: ਸੰਗਯਾ, ਵਿੱਚੋਂ ਖੋਦੀ ਹੋਈ ਲੰਮੀ ਲੱਕੜੀ ਦੇ ਦੋਹੀਂ ਪਾਸੀਂ ਚਮੜਾ ਮੜ੍ਹ ਕੇ ਇਹ ਸਾਜ਼ ਬਣਾਇਆ ਜਾਂਦਾ ਹੈ। ਲੱਕੜ ਦੇ ਡੱਗਿਆਂ ਨਾਲ ਗਲ ਵਿੱਚ ਲਟਕਾ ਕੇ ਵਜਾਈਦਾ ਹੈ। (ਮਹਾਨ ਕੋਸ਼, ਪੰਨਾ 1696)

ਢੋਲ ਨੂੰ ਬਹੁਤ ਬਾਜ਼ੀਗਰ ਅਤੇ ਭਰਾਈ ਵਜਾਉਂਦੇ ਹਨ। ਪਹਿਲਵਾਨਾਂ ਦੇ ਘੋਲ (ਦੰਗਲ) ਅਥਵਾ- ਬਾਜ਼ੀ ਪਾਉਣ ਵੇਲੇ ਜਾਂ ਇਕੱਠ ਕਰਨ ਸਮੇਂ ਵਜਾਉਂਦੇ ਹਨ। ਯਥਾ ਬਾਜੀਗਰ ਡੰਕ (ਢੋਲ) ਬਜਾਈ (ਸੋਰਠ 'ਕਬੀਰ ਜੀ') ਢੋਲ ਮ੍ਰਿਦੰਗ ਬਜੇ ਸਭ ਹੀ।

55. **ਖੋਲ** : ਇਹ ਬੰਗਾਲ ਦਾ ਸਾਜ਼ ਹੈ, ਇਸ ਦੀ ਸ਼ਕਲ ਪਖਾਵਜ ਜੈਸੀ ਹੁੰਦੀ ਹੈ। ਇਸ ਦਾ ਸੱਜਾ ਪਾਸਾ ਛੋਟਾ ਹੁੰਦਾ ਹੈ।

56. **ਝਾਂਝ-ਝਾਂਜ** : ਇਹ ਕਮਾਨ ਦੀ ਸ਼ਕਲ ਦਾ ਹੁੰਦਾ ਹੈ। ਇਸ ਦੇ ਵਿੱਚ ਪਿੱਤਲ ਦੇ ਗੋਲ ਟੁੱਕੜੇ ਲਾਏ ਜਾਂਦੇ ਹਨ। ਜਿਸ ਤੋਂ ਝਨਝਨਹਾਟ ਪੈਦਾ ਹੁੰਦਾ ਹੈ।

57. **ਨਕਾਰਾ** : ਇਹ ਭੀ ਜੋੜੀ ਹੁੰਦੀ ਹੈ। ਇੱਕ ਵੱਡਾ ਜਿਹੜਾ ਖੱਬੇ ਹੱਥ ਹੁੰਦਾ ਹੈ ਤੇ ਛੋਟਾ ਸੱਜੇ ਹੱਥ ਹੁੰਦਾ ਹੈ ਚੋਭਾ ਨਾਲ ਵਜਾਈਦਾ ਹੈ। ਇਸ ਦੀ ਅਵਾਜ਼ ਪਖਾਵਜ ਤੇ ਤਬਲੇ ਤੋਂ ਵੱਖਰੀ ਹੁੰਦੀ ਹੈ।

58. **ਰਣਸਿੰਗਾ** : ਰਣਸਿੰਗ: ਰਣਸਿੰਗਾ: ਰਣਸਿੰਘਾ: ਸੰਗਯਾ, ਰਣਸ੍ਰਿਗਿ, ਸਿੰਗ ਦੇ ਅਕਾਰ ਦਾ ਇੱਕ ਤਿੰਨ ਵਿੰਗਾਂ ਵਾਲਾ ਧਾਤੂ ਦਾ ਵਾਜਾ। ਇਸ ਦਾ ਇੱਕ ਸਿਰਾ ਪਤਲਾ ਤੇ ਦੂਜਾ ਸਿਰਾ ਚੌੜਾ ਹੁੰਦਾ ਹੈ। ਇਸ ਨਾਲ ਰਣ ਵੇਲੇ ਸਿੰਘ ਨਾਦ ਕਰੀਂਦਾ ਹੈ। ਹੁਣ ਇਹ ਸਾਧਾਂ ਦੇ ਅਖਾੜਿਆਂ ਅਤੇ 'ਦੇਵ' ਮੰਦਰਾਂ ਵਿੱਚ ਹੀ ਵਜਾਇਆ ਜਾਂਦਾ ਹੈ। (ਮਹਾਨ ਕੋਸ਼, ਪੰਨਾ 3050)

59. **ਝੰਨਕਾਰ** : ਰਣਤਕਾਰ: ਰਣਝੰਕ: ਸੰਗਯਾ, ਘੁੰਗਰੂ ਆਦਿ ਦਾ ਪੜਕਾਰਾ।

60.. **ਢੱਡ-ਢੱਢ** : ਸੰਗਯਾ, ਢੱਕਾ, ਡੇਰੂ। ਡਉਰੂ (ਡੇਰੂ) ਦੀ ਸ਼ਕਲ ਦਾ ਇੱਕ ਸਾਜ਼। ਜਿਸ ਨੂੰ ਖੱਬੇ ਹੱਥ ਨਾਲ ਫੜ ਕੇ ਸੱਜੇ ਹੱਥ ਦੀਆਂ ਉਂਗਲਾਂ ਦੇ ਪ੍ਰਹਾਰ ਨਾਲ ਵਜਾਈਦਾ ਹੈ। ਇਸ ਦੇ ਵਜਾਉਣ ਵਾਲਿਆਂ ਦੀ ਢਾਡੀ ਸੰਗਯਾ ਹੋ ਗਈ। ਢਾਡੀ ਲੋਕ ਵਾਰਾਂ ਗਾਕੇ ਬੀਰ ਰਸ ਪੈਦਾ ਕਰਦੇ ਹਨ। 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ' ਮਹਾਰਾਜ ਛੇਵੇਂ ਪਾਤਸ਼ਾਹ ਦੇ ਸਮੇਂ ਗੁਰੂ ਘਰ ਵਿੱਚ ਢਾਡੀ ਲੋਕ ਵਾਰਾਂ ਗਾਉਣ ਲੱਗੇ ਜੋ ਬੀਰ ਰਸ ਪੈਦਾ ਕਰਦੀਆਂ ਸਨ। ਹੁਣ ਦੇ ਢਾਡੀ ਬੀਰ ਰਸ ਛੱਡ ਕੇ ਸ਼ਿੰਗਾਰ ਰੱਸ ਵੱਲ ਚਲੇ ਗਏ, ਜੋ ਇਹਨਾਂ ਲਈ ਠੀਕ ਨਹੀਂ। ਯਥਾ: ਢਾਡੀ ਵਾਰਾਂ ਗਾਂਵਦੇ ਵੈਰ ਵਿਰੋਧ ਜੋਧ ਸਾਲਾਹੀ (ਵਾਰ 15, ਪੌੜੀ 6) ਬਹੁਤੇ ਡੂੰਮੀ ਢੰਡ ਜਿਉਂ ਉਹ ਕਿਸੇ ਨਾ ਧੁਖਾ (ਵਾਰ 34, ਪੌੜੀ 19) ☬

*(ਗੁਰਮਤਿ ਪ੍ਰਕਾਸ਼ ਵਿੱਚੋਂ ਧੰਨਵਾਦ ਸਹਿਤ)*


## ਤਿੰਨ ਅਨਮੋਲ ਪੁਸਤਕਾਂ

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*

*ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15 ਏ, ਚੰਡੀਗੜ੍ਹ*

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਅਧਿਐਨ

ਡਾ. ਗੁਰਨਾਮ ਸਿੰਘ ★

ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਸ਼ਵ ਭਾਈਚਾਰੇ ਨੂੰ ਗੁਰੂ ਸਾਹਿਬਾਨ ਦਾ ਵੱਡਮੁੱਲਾ ਯੋਗਦਾਨ ਹੈ। ਇਹ ਬਾਣੀ ਆਪਣੇਂ ਸਰਬਕਾਲਿਕ ਬ੍ਰਹਿਮੰਡੀ ਗੁਣਾਂ ਕਰਕੇ ਮਾਨਵੀ ਜੀਵਨ ਵਿੱਚ ਸਦੈਵ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਹ ਗ੍ਰੰਥ ਕੇਵਲ ਸਿੱਖ ਧਰਮ ਲਈ ਹੀ ਮਹੱਤਵਪੂਰਣ ਨਹੀਂ ਸਗੋਂ ਇਸ ਵਿੱਚ ਭਾਰਤੀ ਅਧਿਆਤਮਿਕ ਪਰੰਪਰਾ ਦੇ ਪੰਜ ਸਦੀਆਂ ਦੇ ਮਹਾਨ ਅਨੁਭਵ ਸਾਧਕਾਂ ਦੇ ਅਧਿਆਤਮਿਕ ਬੋਧ ਦਾ ਗਿਆਨ ਵਿਦਮਾਨ ਹੈ। ਵਿਸ਼ਵ ਵਿੱਚ ਅਜੇਹੇ ਧਰਮ ਗ੍ਰੰਥ ਤਾਂ ਰਚੇ ਗਏ ਜਿਨ੍ਹਾਂ ਵਿੱਚ ਕੇਵਲ ਸੰਬੰਧਿਤ ਧਰਮ ਗੁਰੂਆਂ ਅਤੇ ਪੈਰੋਕਾਰਾਂ ਦੀ ਬਾਣੀ ਦਰਜ ਹੈ ਪਰ ਗੁਰੂ ਗ੍ਰੰਥ ਸਾਹਿਬ ਵਰਗਾ ਐਸਾ ਗ੍ਰੰਥ ਕੋਈ ਨਹੀਂ ਜਿਸ ਵਿੱਚ ਦੂਜੇ ਧਰਮਾਂ, ਜਾਤਾਂ ਅਤੇ ਖਿਤਿਆਂ ਦੇ ਮਹਾਂਪੁਰਸ਼ਾਂ ਦੀ ਬਾਣੀ ਦਾ ਸੰਕਲਨ ਹੋਵੇ। ਇਹ ਮਹਾਨਤਾ ਵਾਲੀ ਗੱਲ ਹੈ ਕਿ ਸਾਡੇ ਕੋਲ ਇਹ ਗ੍ਰੰਥ ਮੂਲ ਭਾਸ਼ਾ ਵਿੱਚ ਉਪਲੱਬਧ ਹੈ ਜਿਸਨੂੰ ਅਸੀਂ ਗੁਰੂ ਰੂਪ ਵਜੋਂ ਮਾਨਤਾ ਦਿੰਦੇ ਹਾਂ।

ਸ੍ਰੀ ਗ੍ਰੰਥ ਸਾਹਿਬ ਦਾ ਸੰਗੀਤ ਜਗਤ ਵਿੱਚ ਅਨੂਠਾ ਮਹੱਤਵ ਹੈ। ਇਹ ਗ੍ਰੰਥ ਭਾਰਤੀ ਸੰਗੀਤ ਦੀ ਪ੍ਰਮੁੱਖ ਸੁਰ ਜਿਸ ਵਿੱਚ ਸੰਗੀਤ ਦਾ ਮਨੋਰਥ ਮੋਕਸ਼ ਪ੍ਰਾਪਤੀ ਦਰਸਾਇਆ ਗਿਆ ਹੈ, ਦਾ ਸਜੀਵ ਵਿਵਹਾਰਕ ਸਰੂਪ ਹੈ। ਉੱਤਰੀ ਭਾਰਤੀ ਸੰਗੀਤ ਨਾਲ ਸੰਬੰਧਿਤ ਸੰਗੀਤ ਦਾ ਇੱਕ ਹਿੱਸਾ ਇਸ ਗ੍ਰੰਥ ਉੱਤੇ ਆਧਾਰਿਤ ਤੇ ਸੰਬੰਧਿਤ ਹੈ ਕਿਉਂ ਜੋ ਇਹ ਗ੍ਰੰਥ ਸਿੱਖ ਧਰਮ ਦਾ ਆਧਾਰ ਗ੍ਰੰਥ ਹੈ। ਇਸ ਗ੍ਰੰਥ ਦੀ ਬਾਣੀ ਦੇ ਸਿਧਾਂਤਕ ਆਧਾਰ ਉੱਤੇ ਉਸਰੀ 500 ਸਾਲ ਤੋਂ ਵਧੇਰੇ ਪੁਰਾਤਨ ਵਿਵਹਾਰਕ ਰੂਪ ਵਿੱਚ ਸੰਗੀਤ ਦੇ ਸਿਧਾਂਤ ਇਤਿਹਾਸ, ਰਾਗ, ਗਾਇਨ ਰੂਪ ਆਪਣੇ ਆਪ ਵਿੱਚ ਸਮੋਈ ਬੈਠੀ ਹੈ ਜਿਸ ਦਾ ਅਧਿਐਨ ਸਰਬ ਪ੍ਰਥਮ ਇਸ ਗ੍ਰੰਥ ਦੇ ਮਹੱਤਵ ਤੇ ਵਿਸ਼ੇਸ਼ਤਾ ਨੂੰ ਜਾਣੇ ਬਿਨਾਂ ਸੰਭਵ ਨਹੀਂ। ਇਸ ਲਈ ਅਸੀਂ ਜੇਕਰ ਭਾਰਤੀ ਸੰਗੀਤ ਦੀਆਂ 10 ਸਦੀਆਂ ਦੇ ਇਤਿਹਾਸ ਨੂੰ ਸੰਪੂਰਣ ਕਰਨਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਇਤਿਹਾਸ ਦਾ ਅਧਿਐਨ ਲਾਜ਼ਮੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਵਿੱਚ ਸੰਪੂਰਨ ਕੀਤਾ। ਇਸ ਗ੍ਰੰਥ ਨੂੰ ਲਿਖਣ ਦਾ ਕਾਰਜ ਭਾਈ ਗੁਰਦਾਸ ਜੀ, ਜੋ ਆਪਣੇ ਸਮੇਂ ਦੇ ਮਹਾਨ ਵਿਦਵਾਨ ਤੇ ਕਵੀ ਸਨ, ਨੇ ਕੀਤਾ। ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਵਿੱਚ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਸੰਤਾਂ ਭਗਤਾਂ ਦੀ ਬਾਣੀ ਨੂੰ ਇਕੱਤਰ ਕਰ ਕੇ ਇਹ ਮਹਾਨ ਕਾਰਜ ਸੰਪੂਰਨ ਕੀਤਾ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕੀਤੀ ਅਤੇ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ 1708 ਈਸਵੀ ਵਿੱਚ ਦਿੱਤਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ:** ਸ੍ਰੀ ਗੁਰੂ ਗ੍ਰੰਥ ਵਿੱਚ ਜਿਨ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

**ਗੁਰੂ ਸਾਹਿਬਾਨ :** 1 ਸ੍ਰੀ ਗੁਰੂ ਨਾਨਕ ਦੇਵ ਜੀ (ਮਹਲਾ ੧) 2. ਸ੍ਰੀ ਗੁਰੂ ਅੰਗਦ ਦੇਵ ਜੀ (ਮਹਲਾ ੨) 3. ਸ੍ਰੀ ਗੁਰੂ ਅਮਰਦਾਸ ਜੀ (ਮਹਲਾ ੩) 4. ਸ੍ਰੀ ਗੁਰੂ ਰਾਮਦਾਸ ਜੀ (ਮਹਲਾ ੪) 5. ਸ੍ਰੀ ਗੁਰੂ ਅਰਜਨ ਦੇਵ ਜੀ (ਮਹਲਾ ੫) 6. ਸ੍ਰੀ ਗੁਰੂ ਤੇਗ ਬਹਾਦਰ ਜੀ (ਮਹਲਾ ੯)

**ਭਗਤ ਕਵੀ :** 1. ਸ੍ਰੀ ਜੈ ਦੇਵ (ਬੰਗਾਲ) 2. ਸ਼ੇਖ ਫ਼ਰੀਦ (ਪਿੰਡ ਕੋਟੀਵਾਲ, ਜ਼ਿਲ੍ਹਾ ਮੁਲਤਾਨ) 3. ਭਗਤ ਨਾਮਦੇਵ (ਮਹਾਰਾਸ਼ਟਰ) 4. ਤ੍ਰਿਲੋਚਨ (ਮਹਾਰਾਸ਼ਟਰ) 5. ਸੁਆਮੀ ਰਾਮਾਨੰਦ 6. ਕਬੀਰ 7. ਬੇਣੀ 8. ਸਧਨਾ (ਸਿੰਧ ਇਲਾਕੇ ਦਾ ਨਗਰ ਸੇਹਵਾਨ) 9. ਸੈਣ 10. ਪੀਪਾ 11. ਧੰਨਾ (ਰਾਜਸਥਾਨ) 12. ਭੀਖਨ (ਲਖਨਊ ਲਾਗੇ ਨਗਰ ਕਾਕੋਰੀ) 13. ਰਵਿਦਾਸ (ਕਾਂਸ਼ੀ) 14. ਪਰਮਾਨੰਦ 15. ਸੂਰਦਾਸ 16. ਸੁੰਦਰ।

**ਰਬਾਬੀ :** 1. ਭਾਈ ਸੱਤਾ 2. ਰਾਇ ਬਲਵੰਡ।

**ਭੱਟ ਕਵੀ :** ਕੱਲਥ, ਜਾਲਪ, ਕੀਰਤ, ਸੱਲਯ, ਭੱਲਯ, ਨਲਯ, ਭਿਖਾ, ਪਰਮਾਨੰਦ, ਬਲ, ਹਰਿਬੰਸ, ਮਥਰਾ, ਕਲਸਹਰ, ਜਲਯ, ਦਾਸ, ਸੇਵਕ, ਗੰਗ, ਟਲਯ, ਗਯੰਦ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਸੰਗੀਤਕ ਆਧਾਰ ਅਤੇ ਇਸ ਦਾ ਮਨੋਰਥ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ ਪਾਠ ਤੋਂ ਸਪਸ਼ਟ ਹੋ ਜਾਂਦਾ ਹੈ ਕਿ

★ ਪੰਜਾਬੀ ਯੂਨੀਵਰਸਿਟੀ, ਪਟਿਆਲਾ

| | | | |
|---|---|---|---|
| 12. ਟੋਡੀ | | | ੭੧੧ |
| 13. ਬੈਰਾੜੀ | - | | ੭੧੯ |
| 14. ਤਿਲੰਗ | - | | ੭੨੧ |
| | | (ੳ) ਤਿਲੰਗ ਕਾਫ਼ੀ | ੭੨੬ |
| 15. ਸੂਹੀ | - | | ੭੨੮ |
| | | (ੳ) ਸੂਹੀ ਕਾਫ਼ੀ | ੭੫੧ |
| 16. ਬਿਲਾਵਲ | - | | ੭੯੪ |
| | | (ੳ) ਬਿਲਾਵਲ ਦਖਣੀ | ੮੪੩ |
| | | (ਅ) ਬਿਲਾਵਲ ਮੰਗਲ | ੮੪੪,੮੪੭ |
| 17. ਗੌਂਡ | - | | ੮੫੯ |
| | | (ੳ) ਬਿਲਾਵਲ ਗੌਂਡ | ੮੭੪ |
| 18. ਰਾਮਕਲੀ | - | | ੮੭੬ |
| | | (ੳ) ਰਾਮਕਲੀ ਦਖਣੀ | ੯੦੭ |
| 19. ਨਟਨਾਰਾਇਣ | - | | ੮੭੫ |
| | | (ੳ) ਨਟ | ੯੭੫ |
| 20. ਮਾਲੀ ਗੌੜਾ | - | | ੯੮੪ |
| 21. ਮਾਰੂ | - | | ੯੮੯ |
| | | (ੳ) ਮਾਰੂ ਕਾਫ਼ੀ | ੧੦੧੪ |
| | | (ਅ) ਮਾਰੂ ਦਖਣੀ | ੧੦੩੩ |
| 22. ਤੁਖਾਰੀ | - | | ੧੧੦੭ |
| 23. ਕੇਦਾਰ | - | | ੧੧੧੮ |
| 24. ਭੈਰਉ | - | | ੧੧੨੫ |
| 25. ਬਸੰਤ | | | ੧੧੬੮ |
| | | (ੳ) ਬਸੰਤ ਹਿੰਡੋਲ | ੧੧੭੧ |
| 26. ਸਾਰੰਗ | - | | ੧੧੯੭ |
| 27. ਮਲ੍ਹਾਰ | - | | ੧੨੫੪ |
| 28. ਕਾਨੜਾ | - | | ੧੨੯੪ |
| 29. ਕਲਿਆਣ | - | | ੧੩੧੯ |
| | | (ੳ) ਕਲਿਆਣ ਭੋਪਾਲੀ | ੧੩੨੧ |
| 30. ਪ੍ਰਭਾਤੀ | - | | ੧੩੨੭ |
| | | (ੳ) ਪ੍ਰਭਾਤੀ ਬਿਭਾਸ | ੧੩੨੭ |
| | | (ਅ) ਪ੍ਰਭਾਤੀ ਦਖਣੀ | ੧੩੪੩ |
| | | (ੲ) ਬਿਭਾਸ ਪ੍ਰਭਾਤੀ | ੧੩੪੭ |
| 31. ਜੈਜਾਵੰਤੀ | - | | ੧੩੫੨ |

**ਕੀਰਤਨ ਹਿਤ ਬਾਣੀ ਰੂਪ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੀਰਤਨ ਹਿਤ ਬਾਣੀ ਦੇ ਵੱਖ-ਵੱਖ ਰੂਪ ਹਰ ਸ਼ਬਦ ਉੱਤੇ ਸਿਰਲੇਖ ਰੂਪ ਵਿੱਚ ਰਾਗ ਅਤੇ ਮਹਲਾ ਦੇ ਨਾਲ ਹੀ ਦਿੱਤੇ ਗਏ ਹਨ। ਇਨ੍ਹਾਂ ਬਾਣੀ ਰੂਪਾਂ ਨੂੰ ਸੰਗੀਤ ਅਨੁਸਾਰ ਅਸੀਂ ਦੋ ਹਿੱਸਿਆ ਵਿੱਚ ਵੰਡ ਸਕਦੇ ਹਾਂ।

1. **ਸ਼ਾਸਤਰੀ ਅੰਗ ਦੇ ਬਾਣੀ ਰੂਪ :** ਜਿਵੇਂ ਅਸ਼ਟਪਦੀ, ਪਦੇ, ਪੜਤਾਲ ਆਦਿ।

2. **ਲੋਕ ਗਾਇਨ ਅੰਗ ਦੇ ਬਾਣੀ ਰੂਪ :** ਜਿਵੇਂ ਵਾਰਾਂ, ਛੰਤ, ਅਲਾਹੁਣੀਆਂ, ਘੋੜੀਆਂ, ਬਾਰਾਹਮਾਂਹ, ਪਹਰੇ, ਮੁਦਾਵਣੀ, ਆਦਿ। ਇਨ੍ਹਾਂ ਦੋਵੇਂ ਬਾਣੀ ਰੂਪਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਈ ਗਈ ਗੁਰਮਤਿ ਸੰਗੀਤ ਵਿਧੀ ਅਨੁਸਾਰ ਨਿਰਧਾਰਤ, ਨਿਰਧਾਰਤ ਰਹਾਉ, ਨਿਰਧਾਰਤ ਅੰਕ, ਨਿਰਧਾਰਤ ਧੁਨੀ, ਨਿਰਧਾਰਤ ਆਦੇਸ਼ /ਫ਼ੁਰਮਾਨ ਅਤੇ ਨਿਰਧਾਰਤ ਮਰਿਯਾਦਾ ਅਨੁਸਾਰ ਹੀ ਗਾਉਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਕਰਦਿਆਂ ਅਸੀਂ ਜਿਹੜੀਆਂ ਮੁੱਖ ਵਿਸ਼ੇਸ਼ਤਾਵਾਂ ਦੇ ਆਧਾਰ ਉੱਤੇ ਕੁਝ ਮਹੱਤਵਪੂਰਣ ਨੁਕਤੇ ਸਾਡੇ ਸਾਹਮਣੇ ਆਉਂਦੇ ਹਨ ਉਹ ਇਸ ਪ੍ਰਕਾਰ ਹਨ :

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਰਾਗਾਤਮਕ ਹੈ।
2. ਇਹ ਬਾਣੀ ਮੁੱਖ 31 ਰਾਗਾਂ ਦੇ 28 ਰਾਗ ਪ੍ਰਕਾਰਾਂ ਵਿੱਚ ਹੈ।
3. ਬਾਣੀ ਦੇ ਕੀਰਤਨ ਲਈ ਗੁਰਮਤਿ ਅਨੁਸਾਰ ਇੱਕ ਸੰਗੀਤ ਵਿਧੀ ਦਿੱਤੀ ਗਈ ਹੈ ਜਿਸ ਨੂੰ ਗੁਰਮਤਿ ਸੰਗੀਤ ਪ੍ਰਬੰਧ ਕਿਹਾ ਜਾਂਦਾ ਹੈ।
4. ਬਾਣੀ ਨੂੰ ਸੰਬੰਧਿਤ ਰਾਗ ਤੇ ਰਾਗ ਪ੍ਰਕਾਰ ਅਨੁਸਾਰ ਹੀ ਗਾਉਣਾ ਹੈ।
5. ਬਾਣੀ ਵਿੱਚ ਵਰਤੇ ਰਾਗ ਪਰੰਪਰਾਗਤ ਰਾਗਾਂ ਤੋਂ ਬਿਨਾਂ ਲੋਕ ਧੁਨਾਂ (ਜਿਵੇਂ ਆਸਾ ਆਦਿ), ਮੌਸਮੀ ਰਾਗ (ਰਾਮਕਲੀ ਦਖਣੀ ਆਦਿ) ਅਤੇ ਇਲਾਕਾਈ ਰਾਗ ਪ੍ਰਯੋਗ ਕੀਤੇ ਗਏ ਹਨ।
6. ਬਾਣੀ ਦੇ ਕੀਰਤਨ ਲਈ ਸ਼ਾਸਤਰੀ ਅੰਗ ਤੇ ਲੋਕ ਅੰਗ ਦੇ ਰੂਪ ਵਰਤੇ ਗਏ ਹਨ।
7. ਲੋਕ ਅੰਗ ਤੋਂ ਕੀਰਤਨ ਕਰਨ ਵਾਲੀਆਂ ਬਾਣੀਆਂ, ਵਿਸ਼ੇਸ਼ ਕਰਕੇ ਵਾਰਾਂ ਉੱਤੇ ਧੁਨੀਆਂ ਵੀ ਦਿੱਤੀਆਂ ਗਈਆਂ ਹਨ (ਜਿਵੇਂ ਆਸਾ ਦੀ ਵਾਰ ਉੱਤੇ ਟੁੰਡੇ ਅਸਰਾਜੇ ਦੀ ਧੁਨੀ ਹੈ)
8. ਕੀਰਤਨ ਲਈ ਰਾਗ ਅਤੇ ਬਾਣੀ ਰੂਪ ਤੋਂ ਬਿਨਾਂ ਅਗਲੇ ਮਹੱਤਵਪੂਰਣ ਸੰਕੇਤ ਰਹਾਉ ਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਰਹਿੰਦਾ ਹੈ ਇਸ ਲਈ ਹਮੇਸ਼ਾ ਇਸ ਨੂੰ ਹੀ ਸਥਾਈ ਬਣਾਕੇ ਗਾਉਣਾ

ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਤੋਂ ਵਧੀਕ ਚਾਰ ਤੱਕ ਰਹਾਉ ਵੀ ਦਿੱਤੇ ਗਏ ਹਨ ਜੋ ਸੰਬੰਧਿਤ ਅੰਤਰਿਆਂ ਤੋਂ ਬਾਅਦ ਰਹਿੰਦੇ ਹਨ।

9. ਬਾਣੀ ਦੇ ਸ਼ਬਦਾਂ ਪਿੱਛੇ ਦਿੱਤੇ ਅੰਕਾਂ ੧,੨,੩ ਆਦਿ ਅੰਤਰਿਆਂ ਦੀ ਵੰਡ ਕਰਨੀ ਹੈ। ਸਥਾਈ ਤੋਂ ਪਿੱਛੋਂ ਇੱਕ ਇੱਕ ਅੰਤਰਾ ਤੇ ਫਿਰ ਸਥਾਈ ਦਾ ਗਾਇਨ ਕਰਨਾ ਹੈ।

10. ਰਾਗਾਂ ਦੀ ਮਹਿਮਾ ਦਸਣ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਭਾਰਤੀ ਰਾਗ ਧਿਆਨ ਪਰੰਪਰਾ ਵਾਂਗੂ ਬਾਣੀ ਵਿੱਚ ਰਾਗ ਧਿਆਨ ਤੇ ਰਾਗਾਂ ਸੰਬੰਧੀ ਫਰਮਾਨ ਦਿੱਤੇ ਗਏ ਹਨ।

ਵੇਖੋ ਗੁਰੂ ਗ੍ਰੰਥ ਸਾਹਿਬ ਪੰਨਾ : ੮੩, ੩੧੧, ੪੧੬, ੫੮੫, ੧੪੨੪, ੧੪੧੯, ੮੪੯, ੯੪੦,੧੪੨੫, ੧੦੮੭, ੭੯੧, ੧੨੮੫।

11. ਕੀਰਤਨ ਗਾਇਨ ਲਈ ਕੁਝ ਜ਼ਰੂਰੀ ਫੁਰਮਾਨ ਹਨ :

1. ਸਹਜੇ ਗਵਿਆ ਥਾਇ ਪਵੈ ਬਿਨ ਸਹਜੇ ਕਥਨਾ ਬਾਦਿ॥ (ਗੁ. ਗ੍ਰੰ. ਪੰਨਾ ੩੮)
2. ਆਪ ਗਵਾਇ ਸੁ ਹਰਿ ਗੁਨ ਗਾਉ॥ (ਗੁ. ਗ੍ਰੰ. ਪੰਨਾ ੨੭੦)
3. ਹਉਮੈ ਵਿਚਿ ਗਾਵਹਿ ਬਿਰਥਾ ਜਾਇ॥ (ਗੁ. ਗ੍ਰੰ. ਪੰਨਾ ੧੫੮)

12. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ, ਰਹਾਓ, ਅੰਕ ਤੋਂ ਬਿਨਾਂ ਹੋਰ ਸੰਗੀਤਕ ਸੰਕੇਤ ਵੀ ਦਿੱਤੇ ਗਏ ਹਨ ਜਿਵੇਂ ਘਰੁ, ਜਤਿ, ਸੁਧੰਗ ਆਦਿ।

ਇਨ੍ਹਾਂ ਸੰਕੇਤਾਂ ਦਾ ਵੀ ਸੰਗੀਤ ਅਨੁਸਾਰ ਕੀਰਤਨ ਵਾਸਤੇ ਵਿਸ਼ੇਸ਼ ਮਹੱਤਵ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੀ ਥਾਹੀ ਪਾ ਸਕਣਾ ਕਠਿਨ ਕਾਰਜ ਹੈ। ਜਿਉਂ ਜਿਉਂ ਅਸੀਂ ਗੁਰਮਤਿ ਦੇ ਅਨੁਸਾਰੀ ਹੋ ਕੇ ਗੁਰਮਤਿ ਸੰਗੀਤ ਮਾਰਗ ਅਨੁਸਾਰ ਕੀਰਤਨ ਕਰਾਂਗੇ ਤਾਂ ਆਪਣੇ ਆਪ ਹੀ ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਵਿਸ਼ੇਸ਼ਤਾ ਦੀਆਂ ਪਰਤਾਂ ਸਾਹਮਣੇ ਖੁਲ੍ਹਦੀਆਂ ਜਾਣਗੀਆਂ। ਇਸ ਸੰਬੰਧ ਗੁਰਮਤਿ ਸੰਗੀਤ ਸੰਬੰਧੀ ਹੋ ਚੁਕੇ ਖੋਜ ਕਾਰਜਾਂ, ਪ੍ਰਕਾਸ਼ਿਤ ਪੁਸਤਕਾਂ ਦੇ ਅਧਿਐਨ ਅਤੇ ਗੁਣੀ ਸੰਗੀਤਜਨਾਂ ਦੀ ਸੰਗਤ ਦੁਆਰਾ ਅਸੀਂ ਹੋਰ ਗਿਆਨ ਪ੍ਰਾਪਤ ਕਰ ਸਕਦੇ ਹਾਂ।

ਸ੍ਰੀ ਗੁਰੂ ਸਾਹਿਬ ਸੰਬੰਧੀ ਸੰਗੀਤ ਦੇ ਸੰਦਰਭ ਵਿੱਚ ਕੀਤੀ ਗਈ ਉਪਰੋਕਤ ਚਰਚਾ ਵਿੱਚ ਅਜੇ ਇਸ ਪਰੰਪਰਾ ਦਾ ਵਰਣਨ ਪੂਰਨ ਤੌਰ ਤੇ ਸੰਪੂਰਨ ਨਹੀਂ ਕੇਵਲ ਸੰਖੇਪ ਰੂਪ ਵਿੱਚ ਹੀ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਕਿਉਂ ਜੋ ਗੁਰਮਤਿ ਸੰਗੀਤ ਪਰੰਪਰਾ ਦੇ ਆਧਾਰ ਗ੍ਰੰਥ ਹਨ ਇਸ ਲਈ ਗੁਰਮਤਿ ਸੰਗੀਤ ਦੇ ਸਮੂਹ ਸਿੱਧਾਂਤ ਬੀਜ ਰੂਪ ਵਿੱਚ ਇਸ ਗ੍ਰੰਥ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ ਭਾਵੇਂ ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ 500 ਸਾਲ ਤੋਂ ਵਧੇਰੇ ਪੁਰਾਤਨ ਤੇ ਪ੍ਰਚਲਿਤ ਹੈ ਪਰ ਇਸਦੇ ਸਮੁੱਚੇ ਵਿਵਹਾਰਕ ਪਰੰਪਰਾ ਨੂੰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਵਟੀ ਉੱਤੇ ਹੀ ਪਰਖਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਦੁਆਰਾ ਸਿਰਜਤ ਗੁਰਮਤਿ ਸੰਗੀਤ ਪਰੰਪਰਾ ਦੀ ਮਹਾਨਤਾ ਨੂੰ ਵਿਸ਼ਵ ਅਧਿਆਤਮਕ ਸੰਗੀਤ ਪਰੰਪਰਾਵਾਂ ਦੀਆਂ ਅਤੇ ਭਗਤੀ ਸੂਫ਼ੀ ਸੰਗੀਤ ਆਦਿ ਵਰਗੀਆਂ ਪਰੰਪਰਾਵਾਂ ਨਾਲ ਤੁਲਨਾਤਮਕ ਅਧਿਐਨ ਕਰਕੇ ਇਸ ਸੰਬੰਧ ਵਿੱਚ ਅਸੀਂ ਹੋਰ ਵੀ ਸਾਰਥਕ ਸਿੱਟਿਆਂ ਦੀ ਪ੍ਰਾਪਤੀ ਕਰ ਸਕਦੇ ਹਾਂ। ਨਿਸ਼ਚੇ ਹੀ ਇਸ ਕਿਸਮ ਦਾ ਅਧਿਐਨ ਸਮੂਹ ਪੰਜਾਬੀਆਂ, ਭਾਰਤੀਆਂ ਅਤੇ ਵਿਸ਼ਵ ਦੇ ਅਧਿਐਨਕਾਰਾਂ ਲਈ ਗੌਰਵਸ਼ਾਲੀ ਹੋਵੇਗਾ।



**Thinking of buying Internet ready Computer System?**
Please contact us for your requirements for new Systems at most competitive rates; Upgradation of your existing ones; Software or Hardware Trouble-shooting or any other Computer-related jobs:

**ELECTRONIC BUSINESS MACHINES**

SCO: 2480 (F.F.) Sector: 22-C, Chandigarh - 160 002
Phone: 532262, 532230 Pager: 9622 - 113345

***Special Concession for Students and Social & Religious Institutions!***

# ਪੁਸਤਕ ਸਮੀਖਿਆ

ਡਾ. ਗੁਰਮੀਤ ਸਿੰਘ ਬੈਦਵਾਣ ★

**ਪੁਸਤਕ :** ਗੁਰੂ ਹਰਗੋਬਿੰਦ ਸਾਹਿਬ, ਜੀਵਨ ਸ਼ਖਸੀਅਤ ਤੇ ਦੇਣ

**ਲੇਖਕ :** ਪ੍ਰੋ. ਜੋਗਿੰਦਰ ਸਿੰਘ

**ਪੰਨੇ :** 150 **ਕੀਮਤ :** 100 ਰੁਪਏ **ਪ੍ਰਕਾਸ਼ਕ :** ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ।

ਪ੍ਰੋ. ਜੋਗਿੰਦਰ ਸਿੰਘ ਸਿੱਖ ਸਾਹਿਤ ਦੇ ਪ੍ਰਸਿੱਧ ਹਸਤਾਖਰ ਹਨ। ਪਿਛਲੇ ਚਾਰ ਦਹਾਕੇ ਤੋਂ ਉਹ ਸਿੱਖ ਧਰਮ ਦੇ ਪ੍ਰਚਾਰ ਹਿਤ ਆਪਣੇ ਵਿਦਵਾਨ ਸਾਥੀਆਂ ਸਮੇਤ ਸਲਗਨ ਹਨ। ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ 25 ਸਾਲਾਂ ਤੋਂ ਲਗਾਤਾਰ ਮੈਂਬਰ ਚਲੇ ਆ ਰਹੇ ਹਨ। ਸੂਝ ਸਿਆਣਪ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਪ੍ਰੋ. ਜੋਗਿੰਦਰ ਸਿੰਘ ਹਥਲੀ ਪੁਸਤਕ 'ਗੁਰੂ ਹਰਗੋਬਿੰਦ ਸਾਹਿਬ ਜੀਵਨ, ਸ਼ਖਸੀਅਤ ਤੇ ਦੇਣ' ਸਮੇਤ ਹੁਣ ਤੱਕ ਦੋ ਦਰਜਨ ਪੁਸਤਕਾਂ ਗੁਰਮਤਿ ਸਹਿਤ ਦੀ ਭੇਟਾ ਕਰ ਚੁੱਕੇ ਹਨ। ਉਹਨਾਂ ਦੀਆਂ ਹੁਣ ਤੱਕ ਦੀਆਂ ਸਾਰੀਆਂ ਕ੍ਰਿਤਾਂ ਨੂੰ ਸਿੱਖ ਜਗਤ ਵਲੋਂ ਵਿਚਾਰਿਆ ਤੇ ਸਤਿਕਾਰਿਆ ਗਿਆ ਹੈ। ਉਹਨਾਂ ਵਲੋਂ ਸਿੱਖ ਗੁਰੂ ਸਾਹਿਬਾਨ ਸਿੱਖ ਕੌਮ ਅਤੇ ਸਿੱਖਾਂ ਦਾ ਪ੍ਰਤੀਕੂਲ ਹਾਲਤਾਂ ਵਿੱਚ ਜੀਵਨ ਵਿਸ਼ਲੇਸ਼ਣ ਕਰਨ ਵਾਲੀ ਇਹ ਪੁਸਤਕ ਪਾਠਕਾਂ ਦੀ ਨਜ਼ਰ ਕੀਤੀ ਗਈ ਹੈ।

ਪ੍ਰੋ. ਜੋਗਿੰਦਰ ਸਿੰਘ ਨੇ ਹਥਲੀ ਪੁਸਤਕ ਨੂੰ ਪਾਠਕਾਂ ਦੀ ਸੌਖ ਹਿਤ 17 ਸਿਰਲੇਖਾਂ ਵਿੱਚ ਵੰਡਿਆ ਹੈ। ਜਾਣਕਾਰੀ ਭਰਪੂਰ ਸਿੱਖ ਇਤਿਹਾਸ ਨੂੰ ਸਮੇਂ ਦੇ ਕਾਲਕ੍ਰਮ ਅਨੁਸਾਰ ਵਿਚਾਰਿਆ ਗਿਆ ਹੈ। ਜਿਸ ਤਰ੍ਹਾਂ ਸਮੇਂ ਦੀ ਤੋਰ ਅਨੁਸਾਰ ਆਪਣਾ ਕ੍ਰਮ ਉਸਾਰਿਆ ਗਿਆ ਹੈ ਉਸੇ ਤਰ੍ਹਾਂ ਵਿਆਖਿਆ ਤੇ ਵਿਸ਼ਲੇਸ਼ਣ ਭਰਪੂਰ ਵਿਚਾਰ ਵੀ ਸੰਕਲਪ ਦੀ ਦ੍ਰਿੜਤਾ ਲਈ ਕਦ ਮੇਚਦੇ ਨਜ਼ਰ ਆਉਂਦੇ ਹਨ। ਪਹਿਲਾ ਚੈਪਟਰ ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ ਪੰਕਤੀਆਂ ਵਿੱਚੋਂ 'ਪੰਜ ਪਿਆਲੇ ਪੰਜ ਪੀਰ' ਵਾਲੀ ਪੰਕਤੀ ਜਿੱਥੇ ਗੁਰੂ ਹਰਗੋਬਿੰਦ ਸਾਹਿਬ ਤੋਂ ਪਹਿਲੇ ਪੰਜ ਗੁਰੂ ਸਾਹਿਬਾਨਾਂ ਦਾ ਜਿਕਰ ਛੇੜਦੀ ਹੈ ਉੱਥੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਪਹਿਲੇ ਪੰਜਾਂ ਗੁਰੂਆਂ ਦੀ ਅੰਤਰ ਸੰਬੰਧਤਾ ਦਰਸਾਉਂਦੀ ਹੋਈ ਪੁਸਤਕ ਦੇ ਨਾਮਕਰਨ ਅਨੁਸਾਰ ਛੇਵੇਂ ਗੁਰੂ ਸਾਹਿਬਾਨ ਦੀ ਸ਼ਖਸ਼ੀਅਤ ਉਸਾਰੀ ਲਈ ਆਧਾਰ ਵੀ ਨਿਸਚਿਤ ਕਰਦੀ ਹੈ। ਪੁਸਤਕ ਦੀ ਅਜਿਹੀ ਸ਼ੁਰੂਆਤ ਲੇਖਕ ਦੀ ਕਲਾਤਮਕ ਸੂਝ ਦੀ ਪ੍ਰਤੀਕ ਹੈ।

ਇਸੇ ਆਧਾਰ ਤੇ ਉਸਾਰ ਵੱਲ ਚਲਦਿਆਂ ਸਿਰਲੇਖ ਦੋ ਤੋਂ ਛੇ ਤੱਕ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਅਕਤੀਤਵ ਬਾਰੇ ਪੜਚੋਲ ਹੋਈ ਮਿਲਦੀ ਹੈ। ਇਸੇ ਕ੍ਰਮ ਵਿੱਚ ਛੇਵੇਂ ਗੁਰੂ ਸਾਹਿਬਾਨ ਬਾਰੇ ਸਿਰਲੇਖ ਸੱਤ ਤੋਂ ਚੌਦਾਂ ਤੱਕ ਵਿਸਥਾਰ ਪੂਰਵਕ ਵਿਚਾਰ ਵਿਮਰਸ਼ ਕੀਤਾ ਗਿਆ ਹੈ। ਜੋ ਕਿ ਪੁਸਤਕ ਦਾ ਆਸ਼ਾ ਵੀ ਹੈ। ਉਸ ਉਪਰੰਤ ਚੈਪਟਰ 15 ਗੁਰੂ ਤੇਗ ਬਹਾਦੁਰ ਜੀ ਦੀ ਸਿੱਖ ਲਹਿਰ ਵਿੱਚ ਦੇਣ ਬਾਰੇ ਦ੍ਰਿਸ਼ਟੀਮਾਨ ਪੇਸ਼ ਕਰਦਾ ਹੈ। ਪੁਸਤਕ ਦੇ ਅਖੀਰਲੇ ਦੋ 16ਵਾਂ ਤੇ 17ਵਾਂ ਸਿਰਲੇਖ ਸਿੱਖ ਪੰਥ ਤੇ ਖਾਲਸਾ ਕੌਮ ਬਾਰੇ ਪ੍ਰਤੀਕੂਲ ਹਾਲਤਾਂ ਵਿੱਚ ਲੇਖਕ ਦਾ ਨਜ਼ਰੀਆ ਪੇਸ਼ ਕਰਦੇ ਹਨ।

ਲੇਖਕ ਨੇ ਇਸ ਪੁਸਤਕ ਵਿੱਚ ਭਾਈ ਗੁਰਦਾਸ ਵਲੋਂ 'ਪੰਜ ਪੀਰ, ਪੰਜ ਪਿਆਲੇ' ਦੇ ਸੰਕੇਤਕ ਇਸ਼ਾਰੇ ਨੂੰ ਵਿਸਥਾਰ ਵਿੱਚ ਵਿਚਾਰਦਿਆਂ ਗੁਰੂ ਨਾਨਕ ਦੇਵ ਜੀ ਨੂੰ ਇਸ ਜਗਤ ਲਈ ਚਾਨਣ ਦਾ ਸਰੋਤ ਕਰਾਰ ਦਿੱਤਾ ਹੈ। ਚਿਰਾਂ ਤੋਂ ਚਲੀ ਆ ਰਹੀ ਅਜ਼ਲੀ ਭਟਕਣ ਗੁਰੂ ਸਾਹਿਬ ਦੇ ਆਗਮਨ ਨਾਲ ਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਤਾਂ ਉਸ ਭਟਕਣ ਵਿੱਚੋਂ ਨਿਕਲਣ ਲਈ ਇੱਕ ਮਾਰਗ ਲਭ ਪਿਆ। ਹਨੇਰਿਆਂ ਮਨਾਂ ਅੰਦਰ ਪ੍ਰਕਾਸ਼ ਹੋ ਗਿਆ ਜਿਸਦੇ ਚਾਨਣ ਸਦਕਾ ਮਨੁੱਖ ਨੂੰ ਆਪਣੀ ਸਦੀਵੀ ਮੁਕਤੀ ਦੀ ਮੰਜਿਲ ਨਜ਼ਰ ਆਉਣ ਲਗ ਪਈ। ਲੇਖਕ ਨੇ ਦੂਜੇ ਗੁਰੂ ਸਾਹਿਬਾਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸੰਦਰਭ ਵਿੱਚ ਸੇਵਾ ਤੇ ਪ੍ਰਾਪਤੀ ਦਾ ਜਿਕਰ ਛੇੜਿਆ ਹੈ। ਲੇਖਕ ਦਾ ਇੱਥੇ ਇਹ ਭਾਵ ਹੈ ਕਿ ਹੋਰਨਾਂ ਸੰਪਰਦਾਵਾਂ ਦੀ ਤਰ੍ਹਾਂ ਜਿਹੜਾ ਗੁਰੂ ਬਣਿਆ ਉਹ ਗੁਰੂ ਹੀ ਰਿਹਾ ਤੇ ਜਿਹੜਾ ਸੇਵਕ ਬਣਿਆ ਉਹ ਦਾਸ ਹੀ ਰਿਹਾ ਵਰਗਾ ਵਿਹਾਰ ਗੁਰੂ ਨਾਨਕ ਦੇ ਸਮੇਂ ਤੋਂ ਹੋਰ ਹੀ ਅਰਥ ਗ੍ਰਹਿਣ ਕਰ ਗਿਆ। ਇਹ ਗੁਰੂ ਨਾਨਕ ਦੇ ਘਰ ਦੀ ਵਡਿਆਈ ਹੈ ਕਿ ਸੇਵਕ ਨੂੰ ਗੁਰੂ ਵਲੋਂ ਆਪਣਾ ਸਰੂਪ ਤੇ ਪਦਵੀ ਬਖਸ਼ ਦਿੱਤੀ ਗਈ। ਭਾਈ ਲਹਿਣੇ ਭਾਵ ਗੁਰੂ ਅੰਗਦ ਦੇਵ ਜੀ ਦੀ ਤਰ੍ਹਾਂ ਹੀ ਅਮਰੂ ਨਿਤਾਣੇ ਭਾਵ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ। ਗੁਰੂ ਅਮਰਦਾਸ

★ ਪਿੰਡ ਬਾਸੀਆਂ ਬੈਦਵਾਣ ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)

ਜੀ ਨੇ ਆਪਣੇ ਜੀਵਨ ਤਜਰਬੇ ਦੇ ਆਧਾਰ ਤੇ ਆਦਰਸ਼ ਸਮਾਜ ਦੀ ਸੋਚ ਨੂੰ ਪ੍ਰਬਲ ਕੀਤਾ। ਉਹਨਾਂ ਵਲੋਂ ਚਲਾਈਆਂ ਸਮਾਜ ਸੁਧਾਰਕ ਲਹਿਰਾਂ ਵਿੱਚ ਸਤੀ ਪ੍ਰਥਾ ਵਿਰੁੱਧ ਪ੍ਰਚਾਰ, ਮਾਇਆ ਦੇ ਅੰਧਕਾਰ ਵਿੱਚੋਂ ਨਿਕਲਣ ਦੀ ਜੁਗਤੀ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਆਧਾਰ ਤੇ ਜੀਵਨ ਵਿਸ਼ਵਾਸ਼ਾਂ ਦੀ ਕਾਇਆ ਕਲਪ ਕਰ ਦਿੱਤੀ।

ਪ੍ਰੋ. ਜੋਗਿੰਦਰ ਸਿੰਘ ਨੇ ਇਸ ਬਾਰੇ ਵਰਨਣ ਬਿਰਤਾਂਤ ਵਿੱਚ ਗੁਰੂ ਸਾਹਿਬਾਂ ਦੇ ਉਪਦੇਸ਼ਾਂ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ। ਉਪਦੇਸ਼ਾਤਮਕ ਸੁਰ ਵਿੱਚ ਹੀ ਉਹ ਅੱਗੇ ਚਲ ਕੇ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਸ਼ਾਂਤੀ ਦੇ ਪੁੰਜ ਦਾ ਦਰਜਾ ਦਿੰਦੇ ਹੋਏ ਸੇਵਾ ਤੇ ਨਿਮਰਤਾ ਨੂੰ ਮੁਕਤੀ ਦਾ ਦਰਵਾਜਾ ਦੱਸਦੇ ਹਨ। ਗੁਰੂ ਸਾਹਿਬ ਦੇ ਹਵਾਲੇ ਨਾਲ ਉਹ ਕਹਿੰਦੇ ਹਨ ਕਿ ਨਿਸੁਆਰਥ ਸੇਵਾ ਵਿੱਚੋਂ ਸਗਲ ਮਨੋਰਥ ਪੂਰੇ ਹੁੰਦੇ ਹਨ ਜਦੋਂ ਕਿ ਸੁਆਰਥੀ ਮਨਾਂ ਦੀ ਸੇਵਾ ਵਿੱਚੋਂ ਜਿੱਥੇ ਚੌਧਰ ਦੀ ਬੋਅ ਮਾਰਦੀ ਹੈ ਉੱਥੇ ਇਸ ਵਿੱਚੋਂ ਪ੍ਰੇਮ ਦੀ ਥਾਂ ਬਿਖੇੜੇ ਹੀ ਖੜ੍ਹੇ ਹੁੰਦੇ ਹਨ। ਚੌਥੇ ਗੁਰੂ ਸਾਹਿਬ ਦੀਆਂ ਇਹਨਾਂ ਦੇਣਾਂ ਤੋਂ ਇਲਾਵਾ ਉਹਨਾਂ ਦੀ ਅੰਮ੍ਰਿਤਸਰ ਸ਼ਹਿਰ ਦੀ ਸਥਾਪਤੀ ਦੀ ਦੇਣ, ਪ੍ਰਭੂ ਦਾ ਸਿਮਰਨ ਅਤੇ ਉਸ ਨਾਲ ਪ੍ਰੇਮ ਪੈਦਾ ਕਰਨ ਦੀ ਦੇਣ ਸਿੱਖ ਜਗਤ ਲਈ ਅਨਮੋਲ ਦੇਣ ਹੈ।

ਪ੍ਰੋ. ਜੋਗਿੰਦਰ ਸਿੰਘ ਸਿੱਖ ਸਾਹਿਤ ਤੇ ਸਿੱਖੀ ਅਦਰਸ਼ਾਂ ਲਈ ਹਮੇਸ਼ਾਂ ਯਤਨਸ਼ੀਲ ਰਹੇ ਹਨ। ਉਹਨਾਂ ਨੇ ਸਿੱਖੀ ਸੋਚ ਨੂੰ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਜੀਵਨ ਤਜ਼ਰਬਿਆਂ ਰਾਹੀਂ ਦ੍ਰਿੜ ਕਰਵਾਉਣ ਦਾ ਸੰਕਲਪ ਲਿਆ ਹੈ। ਇਸ ਪੁਸਤਕ ਵਿੱਚ ਉਪਰੋਕਤ ਲੜੀ ਅਧੀਨ ਗੁਰੂ ਅਰਜਨ ਦੇਵ ਜੀ ਬਾਰੇ ਵਿਚਾਰ ਕਰਦਿਆਂ ਉਹਨਾਂ ਗੁਰੂ ਸਾਹਿਬ ਨੂੰ 'ਸੱਚ ਦੇ ਸਿਰਜਣਹਾਰ' ਦਾ ਦਰਜਾ ਦਿੱਤਾ ਹੈ। ਲੇਖਕ ਦਾ ਕਹਿਣਾ ਹੈ ਕਿ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਮੀਆਂ ਮੀਰ ਤੋਂ ਉਸਦਾ ਨੀਂਹ ਪੱਥਰ ਰੱਖਵਾ ਕੇ ਇਹ ਸਾਬਤ ਕਰ ਦਿੱਤਾ ਕਿ ਰੱਬ ਦਾ ਕੋਈ ਧਰਮ ਨਹੀਂ। ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਦਿਆਂ ਉਹਨਾਂ ਨੇ ਦੂਜੇ ਧਰਮਾਂ ਦੇ ਸੰਤਾਂ, ਭਗਤਾਂ ਦੀ ਬਾਣੀ ਇਸ ਵਿੱਚ ਸ਼ਾਮਿਲ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੀ ਮਨੁੱਖਤਾ ਦਾ ਧਰਮ ਗ੍ਰੰਥ ਬਣਾ ਦਿੱਤਾ। ਭਾਵੇਂ ਸੱਚ ਦੇ ਸਿਰਜਣਹਾਰ ਗੁਰੂ ਅਰਜਨ ਦੇਵ ਜੀ ਨੂੰ ਕਲਿਆਣਕਾਰੀ ਕਾਰਜ ਕਰਦਿਆਂ ਇਸਦੇ ਮੁਆਵਜੇ ਵਿੱਚ ਸ਼ਹੀਦੀ ਦੇਣੀ ਪਈ।

ਸਹਿਜ ਤੇ ਸੁਹਜ ਦੀ ਮੂਰਤ ਪ੍ਰੋ. ਜੋਗਿੰਦਰ ਸਿੰਘ ਨੇ ਇਸ ਪੁਸਤਕ ਦੀ ਸਮੁੱਚੀ ਪ੍ਰਾਪਤੀ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਤੇ ਵਿਅਕਤੀਤਵ ਤੇ ਅਧਾਰਤ ਕੀਤੀ ਹੈ। ਬਾਕੀ ਦੇ ਸਹਾਇਕ ਪ੍ਰਸੰਗ ਇਸ ਵਿਸ਼ੇ ਨੂੰ ਸਹੀ ਦਿਸ਼ਾ ਵਿੱਚ ਵਿਚਾਰਨ ਲਈ ਸਹਿਯੋਗੀ ਸਾਬਤ ਹੋਏ ਹਨ। ਪੁਸਤਕ ਦਾ ਸਮੁੱਚਾ ਭਾਵ ਭਾਵੇਂ ਸਿੱਖ ਰਹੁ ਰੀਤਾਂ ਨੂੰ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦੇ ਪ੍ਰਸੰਗ ਵਿੱਚ ਵੇਖਣ ਤੇ ਪ੍ਰਚਾਰਨ ਦਾ ਇੱਕ ਵਸੀਲਾ ਹੀ ਹੈ ਪ੍ਰੰਤੂ ਇਸ ਵਿੱਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ। ਭਾਵੇਂ ਕਈ ਥਾਵਾਂ ਤੇ ਲੇਖਕ ਬੇਲੋੜੇ ਵਿਸਥਾਰ ਵਿੱਚ ਵੀ ਪੈ ਗਿਆ ਹੈ, ਕਿਉਂਕਿ ਇੱਕੋ ਤਰ੍ਹਾਂ ਦੇ ਵਿਚਾਰ ਇਸ ਵਾਰਤਕ ਵਿੱਚ ਵਾਰ ਵਾਰ ਆਏ ਮਿਲਦੇ ਹਨ। ਪਰ ਲੇਖਕ ਦਾ ਵਿਸ਼ਵਾਸ਼ ਹੈ ਕਿ ਜਿੱਥੇ ਇਹ ਪੁਸਤਕ ਗੁਰੂ ਹਰਗੋਬਿੰਦ ਸਾਹਿਬ ਬਾਰੇ ਪਏ ਕੁਝ ਭੁਲੇਖਿਆਂ ਨੂੰ ਦੂਰ ਕਰੇਗੀ ਉੱਥੇ ਉਹਨਾਂ ਦੀ ਬਹੁਪੱਖੀ ਸਖਸ਼ੀਅਤ ਨੂੰ ਉਜਾਗਰ ਕਰਨ ਦਾ ਇੱਕ ਉਪਰਾਲਾ ਵੀ ਹੋਵੇਗੀ।

ਗੁਰੂ ਹਰਗੋਬਿੰਦ ਸਾਹਿਬ ਬਾਰੇ ਇਸ ਪੁਸਤਕ ਵਿੱਚੋਂ ਭਰਪੂਰ ਜਾਣਕਾਰੀ ਹਾਸਿਲ ਹੁੰਦੀ ਹੈ। ਲੇਖਕ ਦਾ ਕਹਿਣਾ ਹੈ ਕਿ ਮੀਰੀ ਪੀਰੀ ਦੀਆਂ ਤਲਵਾਰਾਂ ਪਾ ਕੇ, ਤਖਤ ਦੀ ਸਿਰਜਣਾ ਕਰਵਾ ਕੇ ਅੰਮ੍ਰਿਤਸਰ ਵਿੱਚ ਹੀ ਉਹਨਾਂ ਲੋਹਗੜ੍ਹ ਦਾ ਕਿਲਾ ਬਣਵਾਇਆ। ਫੌਜੀ ਭਰਤੀ ਕਰਨੀ ਅਤੇ ਬੀਰ ਗਾਥਾਵਾਂ ਆਦਿ ਸੁਣਨ ਦੇ ਆਧਾਰ ਤੇ ਹੀ ਭਾਈ ਗੁਰਦਾਸ ਕਹਿ ਸਕਿਆ ਹੋਵੇਗਾ ਕਿ।

*ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰਭਾਰੀ॥*
*ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ॥*
*ਦਲ ਭੰਜਨ ਗੁਰ ਸੂਰਮਾ ਵੱਡ ਜੋਧਾ ਬਹੁ ਪਰਉਪਕਾਰੀ॥*
(ਵਾਰ ੨)

ਲੇਖਕ ਅਨੁਸਾਰ ਇਹ ਸਾਰਾ ਕੁਝ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਜਹਾਂਗੀਰ ਦੇ ਰਾਜ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨ ਵੱਲ ਦ੍ਰਿਸ਼ਟੀਗੋਚਰ ਹੋ ਰਿਹਾ ਸੀ। ਇਸ ਦੇ ਨਾਲ ਹੀ ਗੁਰੂ ਹਰਗੋਬਿੰਦ ਸਾਹਿਬ ਗੁਰੂ ਨਾਨਕ-ਜੋਤਿ ਦੇ ਆਤਮਕ ਅਨੁਭਵ, ਧਰਮ-ਗਿਆਨ ਪ੍ਰਕਾਸ਼, ਸੱਚ-ਸਹਿਜ ਅਨੰਦ ਤੇ ਪਤਿ-ਪਰਵਾਨ ਦੀ ਜੀਵਨ-ਜੁਗਤ ਦਾ ਪ੍ਰਸ਼ਾਦਿ ਵੀ ਵੰਡ ਰਹੇ ਸਨ ਤਾਂ ਕਿ ਜੁਲਮ ਵਿਰੁੱਧ ਜੰਗ ਆਤਮਿਕ ਬਲ ਨਾਲ ਲੜੀ ਜਾ ਸਕੇ। ਸਿੱਖ ਲਹਿਰ ਵਿੱਚ ਗੁਰੂ-ਮਹਿਲਾਂ ਦਾ ਜਿਕਰ ਕਰਦਿਆਂ ਲੇਖਕ ਨੇ ਮਾਤਾ ਭਾਨੀ ਜੀ, ਮਾਤਾ ਗੰਗਾ

ਜੀ, ਮਾਤਾ ਕ੍ਰਿਸ਼ਨ ਕੌਰ ਅਤੇ ਮਾਤਾ ਗੁਜਰੀ ਤੋਂ ਬਿਨਾਂ ਮਾਤਾ ਨਾਨਕੀ ਜੀ ਵਲੋਂ ਗੁਰੂ ਹਰਗੋਬਿੰਦ ਸਾਹਿਬ ਦਾ ਸਾਥ ਨਿਭਾਉਂਦੇ ਸਮੇਂ ਕੀਤੀ ਸੇਵਾ ਦਾ ਵਿਸ਼ੇਸ਼ ਵਰਨਣ ਕੀਤਾ ਹੈ। ਲੇਖਕ ਦਾ ਮੰਨਣਾ ਹੈ ਕਿ ਇਹਨਾਂ ਪ੍ਰਮੁੱਖ ਬੀਬੀਆਂ ਵਲੋਂ ਕੀਤੀ ਗਈ ਸੇਵਾ ਨੇ ਬਾਕੀ ਦੀਆਂ ਸਿੱਖ ਬੀਬੀਆਂ ਵਿੱਚ ਵਿਸ਼ੇਸ਼ ਕ੍ਰਾਂਤੀ ਲਿਆਂਦੀ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੂੰ ਪ੍ਰੋ. ਜੋਗਿੰਦਰ ਸਿੰਘ ਨੇ ਸਿੱਖ ਲਹਿਰ ਲਈ ਇੱਕ ਨਿਡਰਤਾ ਭਰਪੂਰ ਤੇ ਗੌਰਵਮਈ ਸ਼ਕਤੀ ਐਲਾਨਿਆ ਹੈ। ਇਸ ਤੋਂ ਬਾਅਦ ਅਨੰਦਪੁਰ ਸਾਹਿਬ ਦੇ ਕੇਸਗੜ੍ਹ ਦੇ ਮੈਦਾਨ ਵਿੱਚ ਪੰਜ ਪਿਆਰਿਆਂ ਦੀ ਅਗਵਾਈ ਥੱਲੇ ਸਭ ਜੋਧੇ ਮਨੁੱਖਤਾ ਦੀ ਅਜ਼ਾਦੀ ਲਈ ਮਰ ਮਿਟਣ ਲਈ ਤਿਆਰ ਹੋ ਗਏ। ਇਸੇ ਪ੍ਰਸੰਗ ਵਿੱਚ ਲੇਖਕ ਵਲੋਂ 'ਸਿੱਖ ਧਰਮ ਤੇ ਸਿੱਖ ਕੌਮ ਦੀ ਹਸਤੀ' ਅਤੇ 'ਖਾਲਸਾ ਕੌਮ ਸੰਘਰਸ਼ ਤੇ ਸਫਲਤਾ' ਨੂੰ ਵੀ ਵਿਚਾਰਿਆ ਗਿਆ ਹੈ। ਸਰਬੱਤ ਦੇ ਭਲੇ ਵਾਲੀ ਸੋਚ ਦੇ ਲੇਖਕ ਪ੍ਰੋ. ਜੋਗਿੰਦਰ ਸਿੰਘ ਨੇ ਗੁਰਬਾਣੀ ਵਾਲੀ ਬੋਲੀ ਤੇ ਸ਼ੈਲੀ ਰਾਹੀਂ ਆਪਣੇ ਵਿਸ਼ੇ ਤੇ ਵਿਚਾਰਾਂ ਨੂੰ ਇੱਕਸੁਰ ਕਰਕੇ ਸਿੱਖ ਕੌਮ ਦੀ ਖੁਆਰੀ ਤੋਂ ਮੁਕਤੀ ਦੀ ਮੰਗ ਕੀਤੀ ਹੈ। ਖਾਲਸਾਈ ਸਰੂਪ ਲਾਲ ਸ਼ਿੰਗਾਰੀਆਂ ਅਜਿਹੀਆਂ ਪੁਸਤਕਾਂ ਦੇ ਪੜ੍ਹਨ ਨਾਲ ਖੱਜਲ ਖੁਆਰੀਆਂ 'ਚੋਂ ਨਿਕਲੇ ਚਿਹਰੇ ਉੱਜਲੇ ਹੋ ਸਕਦੇ ਹਨ। ਅਜਿਹੀ ਸਾਡੀ ਉਮੀਦ ਹੈ। ☬


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ
**ਗੁਰਸਿੱਖ ਸੰਜੋਗ**
(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੇਨਸ਼ਨ
ਲੁਧਿਆਣਾ - 141.002



# ਪ੍ਰਭ ਡੋਰੀ ਹਾਥਿ ਤੁਮਾਰੇ... ਜੋ ਤੁਮ ਕਰਹੁ ਸੋਈ ਭਲ ਹਮਰੈ

**ਰਮੇਸ਼ ਸਿੰਘ ★**

ਵੀਰ ਜੀ ਕਹਿਣ ਲੱਗੇ, 'ਵੇਖੋ ਅਸੀਂ ਕਿਤਨੇ ਮੂਰਖ ਹਾਂ, ਆਪਣੇ ਗੁਰੂ ਦੇ ਬਚਨਾਂ -ਜੋ ਬ੍ਰਹਮ ਵਿਚਾਰ, ਧੁਰ ਕੀ ਬਾਣੀ ਹੈ -ਤੇ ਯਕੀਨ ਨਹੀਂ ਕਰਦੇ, ਕੇਵਲ ਗੀਤ ਵਾਂਗ ਪੜ੍ਹ ਛੱਡਦੇ ਹਾਂ। ਇਸੇ ਲਈ ਗੁਰੂ ਹੁਕਮਾਂ ਅੰਦਰ ਜੋ Power ਹੈ, ਤਾਕਤ ਹੈ ਉਹ ਸਾਡੇ ਅੰਦਰ ਨਹੀਂ ਆਉਂਦੀ ਤੇ ਸਾਰੀ ਉਮਰ ਅਸੀਂ ਵਾਂਝੇ ਰਹਿ ਜਾਂਦੇ ਹਾਂ ਗੁਰੂ ਦੀ ਰਹਿਮਤ ਤੋਂ। ਸੁਖਸਾਗਰ ਦੇ ਨਾਲ ਰਹਿੰਦਿਆਂ ਦੁਖੀ ਹਾਂ; ਹੀਰੇ-ਜਵਾਹਰਾਤਾਂ ਦੀਆਂ ਖਾਨਾਂ ਦੇ ਵਾਰਿਸ ਹਾਂ ਪਰ, ਘੋਰ ਅਗਿਆਨਤਾ ਕਾਰਣ ਆਪਣੇ ਆਪ ਨੂੰ ਕੰਗਾਲ ਸਮਝਦੇ ਹਾਂ; ਸਾਰੀ ਦੁਨੀਆਂ ਨੂੰ ਨਿਵਾਣ ਵਾਲੇ ਤੇ ਬੇਮੁਹਤਾਜ ਗੁਰੂ ਦੇ ਸਿੱਖ ਹਾਂ, ਪਰ ਗੁਰੂ ਤੋਂ ਬੇਮੁੱਖ ਹੋਣ ਕਰਕੇ ਟਕੇ-ਟਕੇ ਦੇ ਬੰਦੇ ਦੀ ਖੁਸ਼ਾਮਦ ਤੇ ਮੁਥਾਜੀ ਕਰਦੇ ਹਾਂ; ਸਾਰਿਆਂ ਦੇ ਸਰਬ ਰੋਗ ਕੱਟਣ ਵਾਲੇ ਵੈਦ ਦੇ ਪੁਤ੍ਰ ਅਖਵਾਂਦੇ ਹਾਂ ਪਰ ਦੀਰਘ ਰੋਗ ਚਮੁਟਿਆ ਹੋਇਆ ਹੈ ਸਾਨੂੰ, ਤਨ-ਮਨ ਰੋਗੀ ਹੋ ਗਿਆ ਹੈ ਸਾਡਾ, ਕਿਉਂਕਿ ਨਾਮ ਦੀ ਦਵਾਈ ਨਹੀਂ ਖਾਂਦੇ; ਜਗਤ ਨੂੰ ਰਾਹ ਵਿਖਾਣ ਵਾਲੇ ਗੁਰੂ ਦੇ ਸਿੱਖ ਹੋ ਕੇ ਖੁਦ ਗੁਮਰਾਹ ਹੋ ਗਏ ਹਾਂ; ਅਸੀਂ ਜੰਮੇ ਸਾਂ ਸਾਰੀ ਦੁਨੀਆਂ ਤੇ ਰਾਜ ਕਰਨ ਲਈ ਪਰ ਹੁਣ ਹਰ ਕੋਈ ਸਾਨੂੰ ਲਿਤਾੜ ਰਿਹਾ ਹੈ ਕਿਉਂਕਿ ਬਿਪਰਨ ਦੀ ਰੀਤ ਦੇ ਧਾਰਣੀ ਹੋ ਜਾਣ ਕਰਕੇ ਗੁਰੂ ਨੇ ਸਾਡੀ ਬਾਂਹ ਛੱਡ ਦਿੱਤੀ ਹੈ; ਗੁਰੂ ਨੇ ਸਾਨੂੰ ਅੰਮ੍ਰਿਤ ਤੇ ਵਪਾਰੀ ਬਣਾਇਆ ਸੀ, ਹੁਣ ਅਸੀਂ ਝੂਠੇ ਮਦ (ਸ਼ਰਾਬ) ਦੇ ਠੇਕੇਦਾਰ ਹੋਣ ਦਾ ਮਾਣ ਕਰਦੇ ਹਾਂ ਤੇ ਇਸ ਗੱਲ ਤੇ ਫਖਰ ਕਰਦੇ ਹਾਂ ਕਿ ਪੰਜਾਬ ਸਭ ਤੋਂ ਵੱਧ ਸ਼ਰਾਬ ਪੀਣ ਵਾਲਾ ਰਾਜ ਹੈ। ਉੱਕਾ ਹੀ ਭੁਲਾ ਬੈਠੇ ਹਾਂ ਕਿ *"ਜੇ ਕੋ ਗੁਰ ਤੇ ਵੇਮੁਖ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ"* (ਪੰਨਾ 920) ਤੇ ਚੋਟਾਂ ਹੀ ਚੋਟਾਂ ਪੈਣਗੀਆਂ।'

Sorry, ਮੈਂ ਇਹ ਦੱਸਣਾ ਹੀ ਭੁੱਲ ਗਇਆ ਕਿ ਮੈਂ ਕਿਸ ਬਾਰੇ ਗੱਲ ਕਰ ਰਿਹਾ ਹਾਂ ਅਤੇ ਪਿਛੋਕੜ ਕੀ ਹੈ? ਮੇਰੇ ਇੱਕ ਗੁਰੂ ਜਾਏ ਵੀਰ ਹਨ ਜਿਨ੍ਹਾਂ ਨਾਲ ਯਦਾ-ਕਦਾ ਸਤਿਸੰਗ ਕਰਨ ਦਾ ਮੈਨੂੰ ਸੁਭਾਗ ਮਿਲਦਾ ਰਹਿੰਦਾ ਹੈ। ਉਨ੍ਹਾਂ ਕੁਝ ਦਿਨ ਪਹਿਲਾਂ ਹੀ ਕਿਸੇ ਵੱਡੀ ਕੰਪਨੀ ਚੋਂ, ਜਿਸ ਵਿੱਚ ਉਹ ਇੱਕ Sr. Executive ਸਨ, ਆਪਣੀ ਰਿਟਾਇਰਮੈਂਟ ਤੋਂ ਛੇ ਸਾਲ ਪਹਿਲਾਂ ਸ੍ਵੈਛਾ ਨਾਲ ਨੌਕਰੀ ਛੱਡ ਦਿੱਤੀ, ਪ੍ਰਭੂ ਤੋਂ ਪ੍ਰਾਪਤ ਪ੍ਰੇਰਣਾ ਸਦਕਾ, ਤਾਂ ਜੋ ਹੁਣ ਸਾਰਾ ਸਮਾਂ ਗੁਰੂ ਦੀ ਨੌਕਰੀ ਕਰ ਸਕਣ। ਜਦੋਂ ਪਤਾ ਲਗਾ ਤਾਂ ਮੈਨੂੰ ਉਤਸੁਕਤਾ ਹੋਈ ਵਧੇਰੇ ਜਾਣਕਾਰੀ ਦੀ ਤਾਂ ਜੋ ਮੇਰੀ ਵੀ ਮਤਿ ਦੁਰਮਤ ਤਿਆਗ ਗੁਰਮਤ ਵਲ ਪ੍ਰੇਰਿਤ ਹੋ ਸਕੇ। ਸੁ ਫੋਨ ਤੇ ਇਜ਼ਾਜਤ ਲੈ ਕੇ ਪਹੁੰਚ ਗਇਆ ਤੇ ਬੇਨਤੀ ਕੀਤੀ ਕਿ ਵੀਰ ਜੀ, ਸਾਰੀ ਗੱਲ ਖੋਲ੍ਹ ਕੇ ਦੱਸੋ ਕਿ ਕਿਵੇਂ ਆਪਨੂੰ ਇਹ ਪ੍ਰੇਰਣਾ ਹੋਈ ਕਿ professional career ਛੱਡ ਕੇ ਗੁਰੂ ਦੀ ਗੁਲਾਮੀ ਕੀਤੀ ਜਾਏ। ਕਹਿਣ ਲੱਗੇ, 'ਇਹ ਸਭ ਪ੍ਰਭੂ ਦੀ ਕਿਰਪਾ ਹੀ ਕਿਰਪਾ ਹੈ, ਨਾ ਮੈਂ ਕੁਝ ਕੀਤਾ ਹੈ, ਨਾ ਕਰ ਸਕਦਾ ਹਾਂ, ਨਾ ਕਦੇ ਕਰ ਸਕਾਗਾਂ।" ਬਾਕੀ ਉਨ੍ਹਾਂ ਦੀ ਜੁਬਾਨੀ ਸੁਣਦੇ ਹਾਂ।

"ਪਹਿਲਾਂ ਮੈਨੂੰ ਗੁਰਮਤਿ ਦੀ ਕੋਈ ਸੋਝੀ ਨਹੀਂ ਸੀ -ਅਜੇ ਵੀ ਨਰਸਰੀ ਦਾ ਵਿਦਿਆਰਥੀ ਹਾਂ -ਬਸ ਨਿਤਨੇਮ ਦੀਆਂ ਕੁਝ ਬਾਣੀਆਂ ਦਾ ਪਾਠ ਕਰ ਲੈਣਾ, ਗੁਰਦੁਆਰੇ ਜਾਣਾ, ਕੀਰਤਨ ਸੁਣਨਾ, ਗੁਰਦੁਆਰਾ ਕਮੇਟੀਆਂ ਨਾਲ attached ਰਹਿਣਾ, ਇਸ ਨੂੰ ਮੈਂ ਕਾਫੀ ਸਮਝਦਾ ਸਾਂ। ਬਚਪਨ ਵਿੱਚ ਮੇਰੇ ਪਿਤਾ ਜੀ, ਜਦੋਂ ਰਹਿਰਾਸ ਸਾਹਿਬ ਦੇ ਪਾਠ ਵੇਲੇ ਮੈਨੂੰ ਕੋਲ ਬਿਠਾ ਪਾਠ ਕਰਦੇ ਤਾਂ ਮੈਂ ਸੋਚਦਾ -My God, 40-45 ਮਿਨਟ ਬੱਝ ਕੇ ਬੈਠਣਾ ਪਵੇਗਾ, ਸਮਝ ਕੁਝ ਆਉਂਦੀ ਨਹੀਂ ਸੀ, routine ਕਰ ਲੈਂਦਾ ਸਾਂ। ਮੈਂ Engg. ਦੀ degree (B. Sc. Engg. Metallurgy) ਲੈ ਕੇ ਪੰਜਾਬ ਦੇ ਇੱਕ mini steel plant ਵਿੱਚ ਇੱਕ ਸਾਲ ਨੌਕਰੀ ਕੀਤੀ ਤੇ ਉਪਰੰਤ Tata Group ਦੀ ਸਭ ਤੋਂ ਵੱਡੀ ਕੰਪਨੀ ਵਿੱਚ ਨੌਕਰੀ ਮਿਲ ਗਈ ਜਿੱਥੇ ਮੈਂ ਲਗਾਤਾਰ 27 ਸਾਲ ਸਰਵਿਸ ਕੀਤੀ। ਮੇਰੇ professional career ਨੂੰ ਦੋ district (ਵੱਖ-ਵੱਖ) ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ- ਪਹਿਲੇ 15-16 ਸਾਲ ਜਦੋਂ ਮੈਨੂੰ ਗੁਰੂ ਬਾਰੇ ਕੁਝ ਪਤਾ ਨਹੀਂ ਸੀ, ਤੇ ਦੂਜੇ 11-12 ਸਾਲ, ਜਦੋਂ ਪ੍ਰਭੂ ਕਿਰਪਾ ਸਦਕਾ ਗੁਰੂ ਚਰਣਾਂ ਦੇ ਨੇੜੇ ਹੋ ਕੇ ਜੀਣ ਦਾ ਸੁਭਾਗ ਪ੍ਰਾਪਤ ਹੋਇਆ।

ਗੁਰੂ ਚਰਣਾਂ ਦੀ ਛੋਹ ਤੋਂ ਪਹਿਲਾਂ ਮੇਰਾ ਹਾਲ ਕੁਝ ਇਸ ਤਰ੍ਹਾਂ ਦਾ ਸੀ :

1. ਅੰਮ੍ਰਿਤ ਵੇਲਾ ਤੇ ਦਸਵੰਧ ਦਾ ਪਾਲਨ ਨਹੀਂ ਸਾਂ ਕਰਦਾ, ਨਾ ਹੀ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ

★ 16, Kasidih East, Road No.1 Sakchi, Jamshedpur - 831 001 (Bihar)

ਸੀ।

2. ਗੁਰੂ ਕਿਰਪਾ, ਸ਼ਰਾਬ ਤੋਂ ਬਚਿਆ ਰਿਹਾ, ਪਰ ਕਾਮਨਾਵਾਂ ਮੇਰੇ ਤੇ ਹਾਵੀ ਹੁੰਦੀਆਂ ਸਨ। ਮੂੰਹ ਕਾਲਾ ਹੋਣ ਤੋਂ ਬਚਾਈ ਰੱਖਿਆ ਪ੍ਰਭੂ ਨੇ, ਪਰ ਮਨ ਤੇ ਖ਼ੂਬ ਕਾਲਖ ਚਮੁਟਦੀ ਰਹੀ।

3. ਛੋਟੀ-ਛੋਟੀ ਗੱਲ ਤੇ ਬਿਨਾ ਕਿਸੇ ਕਾਰਣ ਦਿਮਾਗ tension ਵਿੱਚ ਰਹਿੰਦਾ ਸੀ।

4. ਮੇਰੇ ਸੁਭਾ ਵਿੱਚ ਕਾਇਰਪੁਨਾ ਭਰਿਆ ਪਇਆ ਸੀ।

5. ਹਰ ਵੇਲੇ ਅੰਦਰੋਂ ਖਿਝਦਾ, ਭਾਵੇਂ ਬਾਹਰੋਂ ਨਿਮਰਤਾ ਵਿਖਾਂਦਾ ਤੇ ਅਪਣੇ ਕਰਮ ਫਲਾਂ ਲਈ ਦੂਜਿਆਂ ਨੂੰ ਦੋਸ਼ੀ ਸਮਝਦਾ ਸੀ।

6. ਦੂਜਿਆਂ ਦੇ ਨੁਕਸ ਵੇਖਣੇ, ਉਨ੍ਹਾਂ ਦੀ ਨਿੰਦਿਆ ਕਰਨੀ, ਇਸਨੂੰ ਗਲਤ ਨਹੀਂ ਸੀ ਸਮਝਦਾ ਤੇ ਹਰ ਵੇਲੇ ਇਸ ਵਿੱਚ ਗਲਤਾਨ ਰਹਿੰਦਾ ਸੀ।

7. ਆਪਣੇ ਆਪ ਨੂੰ ਹੋਰਨਾਂ ਤੋਂ ਚੰਗਾ ਤੇ ਦੂਜਿਆਂ ਨੂੰ ਆਪ ਤੋਂ ਮਾੜਾ ਸਮਝਦਾ ਸੀ।

8. ਮੈਨੂੰ ਚੰਗਾ ਖਾਣ ਨੂੰ ਮਿਲੇ, ਮੇਰੀ ਵਾਹ-ਵਾਹ ਹੋਵੇ, ਮੈਨੂੰ ਕੋਈ ਤਕਲੀਫ ਨਾ ਹੋਵੇ, ਮੈਨੂੰ ਕੁਝ ਨਾ ਕਰਨਾ ਪਵੇ, ਸਾਰੇ ਮੇਰੀ ਮਦਦ ਕਰਨ, ਇਸ ਤਰ੍ਹਾਂ ਮੈਂ 'ਮੈਂ' ਦੇ ਸ਼ਿਕੰਜੇ ਵਿੱਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ।

9. ਸੱਚੀ ਗੱਲ ਕਹਿਣੋਂ ਝਿਜਕਦਾ ਸੀ ਕਿ ਅਗਲਾ ਨਾਰਾਜ਼ ਨਾ ਹੋ ਜਾਇ ਯਾ ਉਸਨੂੰ ਬੁਰੀ ਲਗੇਗੀ।

10. ਆਪਣੇ ਕੰਮ (profession) ਵਿੱਚ ਵੀ ਨਾ ਮੈਂ ਬਹੁਤਾ competent ਸੀ, ਨਾ ਬਹੁਤਾ ਲਾਇਕ।

ਇਹ ਲਿਸਟ endless (ਅੰਤਹੀਨ) ਹੈ, ਪਰ ਸਭ ਤੋਂ ਵਧ ਮੂਰਖਤਾਈ ਇਹ ਸੀ ਕਿ ਇਨ੍ਹਾਂ ਕਮਜੋਰੀਆਂ ਤੇ ਊਣਤਾਈਆਂ ਦਾ ਨਾ ਬਹੁਤਾ ਅਹਿਸਾਸ ਸੀ, ਨਾ ਕਦੇ ਇਨ੍ਹਾਂ ਤੇ ਸ਼ਰਮ ਆਂਦੀ ਸੀ, ਤੇ ਨਾ ਹੀ ਕਦੇ ਇਹ ਕੋਸ਼ਿਸ਼ ਕਰਦਾ ਸੀ ਕਿ ਇਨ੍ਹਾਂ ਤੋਂ ਛੁਟਕਾਰਾ ਪਾ ਜਾਵਾਂ।

ਤਮਾਮ ਅਉਗਣਾਂ ਦੇ ਬਾਵਜੂਦ ਮੇਰੇ ਤੇ, ਸਦ ਬਖਸ਼ਿੰਦ, ਸਦ ਮਿਹਰਵਾਨ ਪ੍ਰਭੂ ਦੀ ਰਹਿਮਤ ਵਰਸਦੀ ਰਹੀ। ਹਰ ਮੋੜ ਤੇ ਮੇਰੀ ਜਿੰਦਗੀ ਨੂੰ ਉਹ ਮੇਰਾ ਮਾਤਾ-ਪਿਤਾ, ਦੋਸਤ, ਮਿਤ੍ਰ, Guide Philosopher ਬਣ ਕੇ ਚਲਾਂਦਾ ਰਿਹਾ, ਸਜਾਉਂਦਾ ਤੇ ਸਵਾਰਦਾ ਰਿਹਾ। ਜਦੋਂ ਮੈਂ ਪੰਜਾਬ ਦੇ ਇੱਕ ਸ਼ਹਿਰ ਵਿੱਚ ਨੌਕਰੀ ਕਰ ਰਿਹਾ ਸੀ, ਮੈਨੂੰ Tata Group ਦੀ ਕੰਪਨੀ ਵਲੋਂ interview ਲਈ ਬੁਲਾਇਆ ਗਿਆ। ਉਸ ਪਿਤਾ ਦੀ planning ਵੇਖੋ -ਜੋ experience ਮੈਂ acquire ਕੀਤਾ ਸੀ, ਠੀਕ ਉਸੇ ਦੀ ਉਨ੍ਹਾਂ ਨੂੰ ਲੋੜ ਸੀ, ਸੁ ਮੇਰੀ incompetency ਦੇ ਬਾਵਜੂਦ ਮੇਰੀ selection ਹੋ ਗਈ ਤੇ ਸਾਰੇ ਇਹ ਕਹਿ ਰਹੇ ਸਨ, 'He has done very well... we have selected a very good candidate, etc.' ਮੈਨੂੰ ਇਹ ਵੀ ਪੁੱਛਿਆ ਗਿਆ ਕਿ ਕੀ ਮੈਂ ਇਹ offer accept ਕਰ ਲਿਆ ਤੇ ਨੌਕਰੀ join ਕਰ ਲਈ। ਹੁਣ ਜਦੋਂ ਮੈਂ ਝਾਤ ਮਾਰਦਾ ਹਾਂ ਆਪਣੀ professional life ਤੇ, ਤਾਂ ਹੈਰਾਨੀ ਨਹੀਂ ਜਾਂਦੀ ਕਿ ਕਿਵੇਂ ਪ੍ਰਭੂ ਨੇ ਨਾ ਕੇਵਲ ਮੇਰੀ ਅਯੋਗਤਾ (ਹੋਰਨਾ ਕੋਲੋਂ) ਲੁਕਾਈ ਰੱਖੀ, ਮੈਨੂੰ expose (ਨੰਗਾ) ਨਹੀਂ ਕੀਤਾ, ਬਲਕਿ ਨਾਲ ਹੀ ਸਮੇਂ-ਸਮੇਂ ਤੇ ਮੇਰੀ promotion ਵੀ ਹੁੰਦੀ ਰਹੀ -ਕਮਾਲ ਇਹ ਹੋਇਆ ਕਿ ਕਦੇ ਵੀ ਆਪਣੀ promotion ਲਈ ਕਹਿਣਾ ਨਹੀਂ ਪਿਆ। ਪ੍ਰਭੂ ਮੈਨੂੰ ਇਸ ਤਰ੍ਹਾਂ project ਕਰਦਾ ਰਿਹਾ ਜਿਵੇਂ ਮੈਂ ਆਪਣੇ ਕੰਮ ਵਿੱਚ ਕਾਫੀ ਲਾਇਕ ਹੋਵਾਂ and I was considered very good in whatever job was assigned to me. ਇੱਕ ਵਾਰ ਤਾਂ ਇੰਜ ਹੋਇਆ- ਜਦੋਂ Manager ਤੋਂ Asst. Divisional Manager ਦੀ Promotion ਹੋਣੀ ਸੀ- ਕਿ ਮੇਰੇ boss ਨੇ ਮੇਰੀ promotion recommend ਕੀਤੀ, ਪਰ concerned Vice President ਨੇ ਮਨਜ਼ੂਰ ਨਾ ਕੀਤੀ (ਕਿਉਂਕਿ ਉਸਨੂੰ ਮੇਰੀ ਅਸਲੀਅਤ ਦਾ ਸ਼ਾਇਦ ਪਤਾ ਸੀ), delay ਕਰਦਾ ਰਿਹਾ, ਮਿਥਿਆ ਸਮਾਂ ਪਾਰ ਹੋ ਗਿਆ, ਪਰ ਉਸ ਵੀ ਇਹ ਨਾ ਕਿਹਾ ਕਿ promotion ਨਹੀਂ ਦਿੱਤੀ ਜਾ ਰਹੀ ਕਿਉਂਕਿ ਉਹ competant ਨਹੀਂ। ਹੁਣ ਵੇਖੋ, ਮੇਰੇ ਪ੍ਰਭੂ ਨੇ ਐਸਾ ਚੱਕਰ ਚਲਾਇਆ ਕਿ ਕੁਝ ਮਹੀਨਿਆਂ ਬਾਅਦ ਹੀ ਸਾਡੀ reporting relationship ਬਦਲ ਗਈ, ਸਾਡਾ office ਉਸ VP ਅੰਦਰੋਂ ਨਿਕਲ ਕੇ direct, MD (ਮੈਨੇਜਿੰਗ ਡਾਇਰੈਕਟਰ) ਦੇ ਥੱਲੇ ਆ ਗਿਆ ਤੇ ਅਗਲੀ ਵਾਰ ਮੇਰੀ promotion ਸਹਿਜੇ ਹੀ ਮੰਜੂਰ ਕਰ ਲਈ ਗਈ, ਮੈਨੂੰ ਇੰਜ ਲੱਗਾ ਕਿ ਇਹ ਸਾਰੀ ਉਲਟ-ਫੇਰ ਪ੍ਰਭੂ ਨੇ ਮੇਰੇ ਲਈ ਹੀ ਕੀਤੀ ਸੀ। 27 ਸਾਲਾਂ ਵਿੱਚ ਕਦੇ ਵੀ ਮੇਰਾ ਕੋਈ ਖਾਸ ਜਿੰਮੇਵਾਰੀ ਵਾਲਾ ਕੰਮ ਨਹੀਂ ਰਿਹਾ

ਤੇ ਅਕਸਰ ਇੰਜ ਪ੍ਰਤੀਤ ਹੁੰਦਾ ਸੀ ਕਿ ਸਾਰੀ ਕੰਪਨੀ ਵਿੱਚ (60,000-65,000 ਲੋਕ ਸਨ), ਕੰਮ ਤੇ responsibility ਪੱਖੋਂ, ਸਭ ਤੋਂ ਵੱਧ ਤਨਖਾਹ ਮੈਨੂੰ ਮਿਲਦੀ ਹੈ। ਕਹਿਣ ਤੋਂ ਭਾਵ, ਪਤਾ ਨਹੀਂ ਕਿਵੇਂ 27 ਸਾਲ ਮੇਰੇ ਪਰਦੇ ਕੱਜੇ ਰੱਖੇ, ਮੇਰੀ ਪਤਿ ਨਹੀਂ ਲਹਿਣ ਦਿੱਤੀ। ਮੈਂ ਇੱਕੋ boss ਨਾਲ 25 ਸਾਲ ਕੰਮ ਕੀਤਾ ਤੇ ਸਾਰੇ ਇਹ ਸਮਝਦੇ/ਕਹਿੰਦੇ ਸਨ ਕਿ, it is very difficult to work with that person- ਉਹ ਨਾ ਕੇਵਲ ਇੱਕ hard take master ਸੀ ਬਲਕਿ ਉਸਦਾ ਸੁਭਾਵ ਵੀ ਕੁਝ ਇਸ ਤਰ੍ਹਾਂ ਦਾ ਸੀ ਕਿ ਉਸ ਨਾਲ ਮਿਲ ਕੇ ਕੰਮ ਕਰਨਾ ਔਖਾ ਜਾਪਦਾ ਸੀ। ਪ੍ਰਭੂ ਨੇ ਮੇਰੀ ਉਸ ਨਾਲ ਵੀ ਨਿਭਾ ਦਿੱਤੀ, ਸਦਾ ਮੇਰੀ ਲਾਜ ਰੱਖੀ, ਕਦੇ ਵੀ ਮੈਨੂੰ ਸ਼ਰਮਸ਼ਾਰ ਨਹੀਂ ਹੋਣ ਦਿੱਤਾ।

1988-89 ਦੀ ਗੱਲ ਹੈ, ਮੇਰੀ ਜਿੰਦਗੀ ਵਿੱਚ ਇੱਕ ਨਵਾਂ ਮੋੜ ਆਇਆ। ਇੱਕ *"ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ"* (ਪੰਨਾ 488) ਵਾਲੇ ਗੁਰਮੁਖ ਪਿਆਰਿਆਂ ਦੇ ਦਰਸ਼ਨ ਹੋਏ। ਉਹ ਅਮਲੀ ਜੀਵਨ ਦੇ ਧਾਰਨੀ ਹੈਨ ਤੇ ਪ੍ਰਭੂ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਉਚੀ ਨੌਕਰੀ ਤੋਂ ਛੁਡਾ ਕੇ ਰੋਗੀਆਂ ਦੀ ਸੇਵਾ ਵਿੱਚ ਲਾ ਲਿਆ ਤਕਰੀਬਨ 20 ਸਾਲ ਪਹਿਲਾਂ। (ਗੁਰੂ ਕਿਰਪਾ) ਉਹ ਪ੍ਰਭੂ ਦੇ ਦੀਵਾਨੇ ਹਨ ਤੇ ਉਸ ਤੋਂ ਬਗੈਰ ਇੱਕ ਘੜੀ ਨਹੀਂ ਰਹਿ ਸਕਦੇ, ਉਨ੍ਹਾਂ ਦਾ ਭਰਾ ਉਨ੍ਹਾਂ ਨੂੰ abnormal ਕਹਿੰਦਾ ਹੈ। ਉਸ ਪ੍ਰਭੂ ਦੀਆਂ ਬਾਤਾਂ ਕਰਨੀਆਂ, ਉਸਦੇ ਜੀਵਾਂ ਦੀ ਸੇਵਾ ਕਰਨੀ, ਸਾਰੀ ਮਨੁੱਖ ਜਾਤੀ ਨੂੰ ਇੱਕੋ ਸਮਝ ਸਾਰਿਆਂ ਨਾਲ ਪਿਆਰ ਕਰਨਾ, ਦੁਖੀਆਂ ਤੇ ਦਰਦਵੰਦਾਂ ਦੇ ਅਥਰੂ ਪੂੰਝਣੇ, ਲੋੜਵੰਦਾਂ ਦੀ ਮਦਦ ਕਰਨੀ, ਗੁਰੂ ਦੇ ਹਰ ਹੁਕਮ ਤੇ ਕਰੜਾ ਪਹਿਰਾ ਦੇਣ ਦੀ ਪੂਰੀ ਕੋਸ਼ਿਸ਼ ਕਰਨੀ, ਲੋਕ ਪਚਾਰੇ ਤੇ ਦੁਨਿਆਵੀ ਜੰਜਾਲਾਂ ਤੋਂ ਦੂਰ ਰਹਿਣਾ, ਨਾਮ ਦੇ ਬਗੈਰ ਕਿਸੇ ਨਾਲ ਹੋਰ ਕਿਸੇ ਗੱਲ ਦੀ ਸਾਂਝ ਨਹੀਂ ਕਰਨੀ, ਸਭ ਦੀ ਚਰਣ ਧੂੜ ਬਣਨਾ, ਹਰ ਵਕਤ ਪ੍ਰਭੂ ਦੇ ਗੀਤ ਗਾਉਣ ਦਾ ਚਾਅ ਤੇ ਗੁਰੂ ਦੀ ਗੁਲਾਮੀ ਦਾ ਸ਼ੌਕ, ਨਾਮ ਤੇ ਅਧਾਰਿਤ ਅਮਲੀ ਜੀਵਨ ਜਾਚ, ਹਰ ਪਲ ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣ ਦੀ ਤਾਂਘ, ਸਾਰੇ ਧਰਮਾਂ ਤੇ ਸਾਰੇ ਭਗਤਾਂ-ਪੀਰਾਂ-ਮਹਾਂਪੁਰਸ਼ਾਂ ਨੂੰ ਸਤਿਕਾਰ ਦੇਂਦਿਆਂ ਆਪਣੇ ਗੁਰੂ ਦੇ ਚਰਣਾਂ ਨਾਲ ਹਰ ਵੇਲੇ ਚਿਮਟੇ ਰਹਿਣਾ, *"ਜਬ ਆਵ ਕੀ ਆਉਧ ਨਿਧਾਨ ਬਨੈ..."* ਤਾਂ ਸੱਚ ਲਈ ਸ਼ਹੀਦ ਹੋ ਜਾਣ ਦਾ ਚਾਅ, ਇਤਆਦਿ, ਉਨ੍ਹਾਂ ਦਾ ਜੀਵਨ ਹੈ। ਅੰਮ੍ਰਿਤ ਵੇਲਾ ਉਨ੍ਹਾਂ ਦੀ ਜਿੰਦ ਜਾਨ ਹੈ, ਸੁ ਪਹਿਲੀ ਮੁਲਾਕਾਤ ਦੌਰਾਨ ਹੀ ਉਹਨਾਂ ਗੁਰੂ ਕਿਰਪਾ ਸਦਕਾ ਅੰਮ੍ਰਿਤ ਵੇਲਾ ਤੇ ਦਸਵੰਧ ਪੱਕੇ ਕਰਨ ਤੇ ਜੋਰ ਦਿੱਤਾ। ਫਿਰ ਸ਼ੁਰੂ ਹੋਈਆਂ ਉਨ੍ਹਾਂ ਨਾਲ ਸਤਿਸੰਗ ਬੈਠਕਾਂ, ਅਸੀਂ 4-6-8 ਮਹੀਨੇ ਬਾਅਦ ਮਿਲਦੇ 10-15 ਦਿਨਾਂ ਲਈ ਤੇ ਗੁਰਮਤਿ ਦੀ ਪੜਾਈ ਮੈਂ ਸਿੱਖਦਾ ਉਨ੍ਹਾਂ ਦੇ ਅਮਲੀ ਜੀਵਨ ਤੋਂ। *"ਸਾਧ ਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ"* (ਪੰਨਾ 386) ਤੇ *"ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ, ਪ੍ਰਭੁ ਪੇਖਨ ਕਾ ਚਾਉ"* (ਪੰਨਾ 405) ਦੇ ਮਹਾਂਵਾਕਾਂ ਅਨੁਸਾਰ ਗੁਰਮਤਿ ਗਾਡੀ ਰਾਹ ਤੇ ਕਦਮ ਪੁੱਟਣ ਦਾ ਚਾਅ ਪੈਦਾ ਕੀਤਾ ਪ੍ਰਭੂ ਨੇ। ਗੁਰੂ ਨੇ ਉੱਦਮ ਬਖਸ਼ਿਆ, ਕਿਰਪਾ ਕੀਤੀ, ਆਪੇ ਹੀ ਆਪਣਾ ਪਿਆਰ ਪਾ ਕੇ, ਆਪ ਆਪਣੇ ਰਾਹ ਤੇ ਤੋਰਨਾ ਸ਼ੁਰੂ ਕੀਤਾ ਤੇ ਫਿਰ ਆਪ ਹੀ ਅੱਗੇ ਆ-ਆ ਕੇ ਮੇਰੀ ਮਦਦ ਕਰਦਾ ਰਿਹਾ। ਕਈ ਹੋਰ ਨਾਮ ਰਸੀਆਂ ਗੁਰਮੁਖ ਸਖੀ ਸਹੇਲੀਆਂ ਨਾਲ ਮੇਲ ਕਰਾਇਆ ਤੇ ਚਰਣ ਧੂੜ ਬਖਸ਼ੀ। ਬਾਕੀ ਰਸਾਂ ਚੋਂ ਧਿਆਨ ਹਟਾ ਕੇ ਨਾਮ ਰਸ ਦਾ ਸੁਆਦ ਚਖਾਇਆ ਤੇ ਇਹ ਮੂਲ ਗੱਲਾਂ ਦ੍ਰਿੜ ਕਰਨ ਦੀ ਪ੍ਰੇਰਣਾ ਦਿੱਤੀ :

1. ਸਾਡੀ ਜਿੰਦਗੀ ਦਾ ਮਕਸਦ "ਗੋਬਿੰਦ ਮਿਲਨ" ਹੈ, ਅਰਥਾਤ ਮਨੁੱਖਾ ਦੇਹੀ ਨਾਮ ਸਿਮਰਨ ਲਈ ਮਿਲੀ ਹੈ।
2. ਜੇ ਇਸ ਟੀਚੇ ਵੱਲ ਅੱਗੇ ਨਹੀਂ ਵਧ ਰਹੇ ਤਾਂ ਬਾਕੀ ਸਾਰੇ ਕੰਮ ਫਜ਼ੂਲ ਹਨ।
3. ਗੁਰੂ ਦੀ ਗੁਲਾਮੀ (ਅਰਥਾਤ ਗੁਰੂ ਨੂੰ property no. 1) ਬਿਨਾ ਨਾਮ ਦੀ ਦਾਤ ਪ੍ਰਾਪਤ ਨਹੀਂ ਹੋ ਸਕਦੀ।
4. ਗੁਰੂ ਦਾ ਹਰ ਹੁਕਮ ਨਾਮ ਹੈ ਤੇ ਨਾਮ ਤੇ ਅਧਾਰਿਤ ਜੀਵਨ ਜਾਚ ਤੋਂ ਬਗੈਰ ਜਿੰਦਗੀ ਦਾ ਮਕਸਦ ਪੂਰਾ ਨਹੀਂ ਹੋ ਸਕਦਾ।
5. ਨਾਮ ਤੋਂ ਸਿਵਾਇ ਪ੍ਰਭੂ ਤੋਂ ਹੋਰ ਕੁਝ ਨਹੀਂ ਮੰਗਣਾ।
6. ਮੈਂ ਕੁਝ ਨਹੀਂ, ਨਾ ਕੁਝ ਬਣਨਾ ਹੈ, ਨਾ ਕੁਝ ਮੰਗਣਾ ਹੈ।
7. ਦੁਨਿਆਵੀ ਕਿਸੇ ਗੱਲ ਦੀ ਚਿੰਤਾ ਨਹੀਂ ਕਰਨੀ, ਹਰ ਵੇਲੇ ਇੱਕੋ ਚਿੰਤਾ ਰਹਵੇ -*"ਚਿੰਤ ਭਵਨਿ ਮਨੁ ਪਰਿਓ ਹਮਾਰਾ॥ ਨਾਮ ਬਿਨਾਂ ਕੈਸੇ ਉਤਰਸਿ*

ਪਾਰਾ" (ਪੰਨਾ 478)।

8. ਨਿਰੰਤਰ ਪ੍ਰਭੂ ਦੀ ਹਜ਼ੂਰੀ ਵਿੱਚ ਰਹਿਣ ਦੀ ਕੋਸ਼ਿਸ਼ ਤੇ ਨਿਰੰਤਰ ਅਰਦਾਸ ਕਰਨੀ ਹੈ –"*ਮੋਹਿ ਨ ਬਿਸਾਰਹੁ, ਮੈ ਜਨੁ ਤੇਰਾ*" (ਪੰਨਾ 345)।

9. ਪ੍ਰਭੂ ਨੂੰ ਹੋਰ ਕੁਝ ਨਹੀਂ ਚਾਹੀਦਾ ਉਹ ਕੇਵਲ ਪਿਆਰ ਦਾ ਭੁੱਖਾ ਹੈ। ਉਸ ਨਾਲ ਐਸਾ ਪਿਆਰ ਪਾਉਣਾ ਹੈ ਕਿ ਐਸੀ ਹਾਲਤ ਹੋ ਜਾਏ –"*ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਿਣਾ ਸੰਸਾਰਿ*" (ਪੰਨਾ 203)।

10. ਨਿਰੰਤਰ ਆਪਣੇ ਗੁਨਾਹਾਂ ਤੇ ਨਜ਼ਰ ਰੱਖਣੀ ਹੈ ਤੇ ਉਨ੍ਹਾਂ ਤੋਂ ਬਚਣ ਦੀ ਪੂਰੀ ਈਮਾਨਦਾਰੀ ਨਾਲ ਕੋਸ਼ਿਸ਼ ਕਰਦਿਆਂ ਉਨ੍ਹਾਂ ਦੀ ਸ਼ਰਮ ਹੇਠ ਜੋਦੜੀਆਂ ਕਰਦੇ ਰਹਿਣਾ ਹੈ :

"*ਬਿਖੈ ਬਿਖੈ ਕੀ ਬਾਸਨਾ, ਤਜੀਐ ਨਹ ਜਾਈ॥*
*ਅਨਿਕ ਜਤਨ ਕਰਿ ਰਾਖੀਐ, ਫਿਰਿ ਫਿਰਿ ਲਪਟਾਈ॥*"
(ਪੰਨਾ 856)

"*ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥*
*ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥*"
(ਪੰਨਾ 710)

"*ਰਾਖੁ ਪਿਤਾ ਪ੍ਰਭ ਮੇਰੇ... ਪੰਚ ਬਿਖਾਦੀ*
*ਏਕੁ ਗਰੀਬਾ ਰਾਖਹੁ ਰਾਖਨਹਾਰੇ॥*"
(ਪੰਨਾ 205)

ਮੇਰੀ ਜ਼ਿੰਦਗੀ ਵਿੱਚ ਪਰਿਵਰਤਨ ਆਉਣਾ ਸ਼ੁਰੂ ਹੋਇਆ। 1992 ਵਿੱਚ ਸਤਿਗੁਰਾਂ ਦੀ ਪ੍ਰੇਰਣਾ ਹੋਈ, ਅੰਦਰੋਂ ਆਵਾਜ਼ ਉੱਠੀ, ਮੈਂ ਅੰਮ੍ਰਿਤ ਛਕ ਲਿਆ। ਕਲੇਸ਼, tension, ਚਿੰਤਾ... ਦੀ ਥਾਂ ਖੇੜਾ, ਅਨੰਦ, ਸੇਵਾ ਦੀ ਉਮੰਗ ਤੇ ਸਰਬੱਤ ਦੇ ਭਲੇ ਦੀ ਭਾਵਨਾ ਨੇ ਜਨਮ ਲਿਆ। "*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ*" (ਪੰਨਾ 920) ਜੀਵਨ ਵਿੱਚ ਗੁਰੂ ਕਿਰਪਾ ਸਦਕਾ, ਪ੍ਰਗਟ ਹੋਣ ਲੱਗਾ, "*ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ*" (ਪੰਨਾ 671) experienced truth ਬਣ ਗਿਆ। ਚੜ੍ਹਦੀ ਕਲਾ ਦੀ ਇਸ ਮਾਨਸਿਕ ਅਵਸਥਾ ਵਿੱਚ ਮੇਰਾ ਸਕੂਟਰ ਐਕਸੀਡੈਂਟ ਹੋ ਗਿਆ 1994 ਵਿੱਚ। ਖੱਬੀ ਲੱਤ ਦੇ knee joint ਵਿੱਚ multiple fracture ਸੀ। ਸਤਿਗੁਰਾਂ ਨੇ ਇਸ accident ਰਾਹੀਂ ਦੁਖ ਵਿੱਚ ਸੁਖ ਮਨਾਈ ਦੀ ਸਚਾਈ experience ਕਰਾਈ। ਪੰਜ ਮਹੀਨੇ out of action ਹੋਣ ਦੇ ਬਾਵਜੂਦ ਇਹ ਸਮਾਂ ਮੇਰੀ ਜ਼ਿੰਦਗੀ ਦਾ ਸਭ ਤੋਂ ਵਧ ਸੁਖਦਾਈ ਸਾਬਤ ਹੋਇਆ ਕਿਉਂਕਿ ਇਸ ਦੌਰਾਨ ਖ਼ੂਬ ਸਤਿਸੰਗ ਮਿਲਿਆ। ਪਹਿਲਾਂ 21 ਦਿਨ ਹਸਪਤਾਲ ਵਿੱਚ, ਫਿਰ ਘਰ ਆ ਕੇ, ਤੇ ਅਜੇ crutches ਤੇ ਹੀ ਸਾਂ ਕਿ "ਗੁਰਮੁਖ ਪਿਆਰੇ", 5-6 ਸਤਿਸੰਗੀਆਂ ਨਾਲ ਆ ਗਏ। 10 ਦਿਨ ਸਾਡੇ ਘਰ ਰਹੇ, ਅਸਾਂ ਰਲ ਕੇ ਰੰਗ ਮਾਣਿਆ ਤੇ ਫਿਰ ਜਾਣ ਲਗਿਆਂ ਘਰ ਵਾਲਿਆਂ ਦੇ ਵਿਰੋਧ ਦੇ ਬਾਵਜੂਦ ਮੈਨੂੰ ਨਾਲ ਲੈ ਗਏ (ਆਪਣੇ ਨਾਲ, ਜਿੱਥੇ originally planned ਸੀ ਸਾਡਾ ਸਤਿਸੰਗ ਤੇ ਇਸ ਹਾਲ ਵਿੱਚ ਮੇਰਾ ਜਾਣਾ ਅਸੰਭਵ ਜਾਪਦਾ ਸੀ) ਤੇ 21 ਦਿਨ "*ਅਨੰਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ*" (ਪੰਨਾ 102) ਖ਼ੂਬ ਰੌਣਕਾਂ ਲਗੀਆਂ। ਹਰਿ ਕੀਆ ਕਥਾ ਕਹਾਣੀਆਂ ਕਰਨ ਤੋਂ ਇਲਾਵਾ ਸਾਰੇ ਮੈਨੂੰ wheel chair, ਜੋ ਇੱਕ ਦਿਨ ਵਿੱਚ ਤਿਆਰ ਕਰਵਾਈ ਗਈ ਸੀ, ਤੇ ਬਾਹਰ ਲੈ ਜਾਂਦੇ। ਰੋਗੀਆਂ ਨੂੰ ਮਿਲਣ ਜਾਂਦੇ, ਉਨ੍ਹਾਂ ਨਾਲ ਪ੍ਰਭੂ ਦਾ ਪਿਆਰ ਵੰਡਦੇ। ਸਾਰੇ ਰੋਗੀ ਮੇਰੀ ਝੋਲੀ ਅਸੀਸਾਂ ਨਾਲ ਭਰ ਦੇਂਦੇ ਤੇ ਉਨ੍ਹਾਂ ਅਸੀਸਾਂ ਸਦਕਾ ਮੇਰੀ ਲੱਤ, ਜੋ ਡਾਕਟਰਾਂ ਦੇ ਹਿਸਾਬ ਨਾਲ normal ਨਹੀਂ ਹੋ ਸਕਦੀ ਸੀ, (operation ਦੀ ਵੀ ਗੱਲ ਕਰਦੇ ਸਨ ਕੁਝ ਡਾਕਟਰ) ਬਗੈਰ operation ਦੇ almost normal ਹੋ ਗਈ।

ਇਸ ਤੋਂ ਬਾਅਦ 1995 ਵਿੱਚ ਇੱਕ ਹੋਰ ਖੇਡ ਵਰਤੀ ਤੇ ਗੁਰੂ ਕਿਰਪਾ ਸਦਕਾ ਉਹ ਵੀ ਕਮਾਲ ਦਾ ਅਨੁਭਵ ਦੇ ਗਈ, ਜਿਸ ਰਾਹੀਂ "*ਸੇਵਕ ਕਉ ਨਿਕਟੀ ਹੋਇ ਦਿਖਾਵੈ... ਜਹ ਜਹ ਕਿਰਤਿ ਸੇਵਕ ਕੀ, ਤਹਾ ਤਹਾ ਉਠਿ ਧਾਵੈ*" (ਪੰਨਾ 403) ਦੀ ਪ੍ਰਤੱਖ ਸਚਾਈ ਵੇਖਣ ਵਿੱਚ ਆਈ ਹਾਲਾਂਕਿ ਬੜੀ ਸ਼ਰਮ ਨਾਲ ਕਹਿੰਦਾ ਹਾਂ ਕਿ ਮੈਂ ਉਸਦੇ ਸੇਵਕਾਂ ਦੀ ਚਰਣ ਧੂੜ ਬਣਨ ਦੇ ਵੀ ਕਾਬਿਲ ਨਹੀਂ। ਮੇਰਾ ਵੱਡਾ ਲੜਕਾ ਜੋ ਨਾਗਪੁਰ B.A. ਦਾ ਵਿਦਿਆਰਥੀ ਸੀ, ਉੱਥੇ West Indies - India ਦੇ One day Cricket ਮੈਚ ਦੌਰਾਨ VCA Cricket Stadium ਦੀ ਦੀਵਾਰ ਢਹਿਣ ਦਾ ਜੋ ਹਾਦਸਾ ਹੋਇਆ, ਉਸ ਵਿੱਚ ਉਹ 40 ਫੁੱਟ ਦੀ ਉਚਾਈ ਤੋਂ ਡਿੱਗਿਆ। 8-10 ਬੰਦੇ ਮਾਰੇ ਗਏ ਸਨ ਉਸ ਹਾਦਸੇ ਵਿੱਚ, ਪਰ ਉਸਨੂੰ minor wrist fracture ਨਾਲ ਹੀ ਬਖ਼ਸ਼ ਦਿੱਤਾ ਗਿਆ। ਨੌਂ ਦਿਨ ਉਹ ਉੱਥੇ ਦੇ ਸਿਵਲ ਹਸਪਤਾਲ ਵਿੱਚ ਰਹਿਆ ਪਰ ਪ੍ਰਭੂ ਨੇ ਬਾਕਮਾਲ ਤਰੀਕੇ

ਨਾਲ ਆਪਣੇ ਸੇਵਕਾਂ ਰਾਹੀਂ ਉਸਨੂੰ ਫੁੱਲਾਂ ਤੇ ਰੱਖਿਆ। ਨਾਗਪੁਰ ਰਹਿੰਦੇ ਸਾਡੇ ਇੱਕ ਸਤਿਸੰਗੀ ਪਰਿਵਾਰ ਦੇ ਸਾਰੇ ਜੀਆਂ ਨੂੰ ਤਨ-ਮਨ ਨਾਲ ਉਹਦੀ ਸੇਵਾ-ਸੰਭਾਲ ਕੀਤੀ। "ਗੁਰਮੁਖ ਪਿਆਰੇ" ਵੀ ਸੰਜੋਗ ਵੇਖੋ (ਨਹੀਂ, ਨਹੀਂ ਇਹ ਪ੍ਰਭੂ ਦੀ perfect planning ਸੀ) ਹਾਦਸੇ ਦੇ ਸਮੇਂ ਨਾਗਪੁਰ ਹੀ ਸਨ, ਉਹ ਵੀ ਉਸਦੀ ਸੇਵਾ ਵਿੱਚ ਜੁਟ ਗਏ। ਕਾਲੇਜ ਦੇ ਉਸਦੇ ਦੋਸਤ 9 ਦਿਨ ਲਗਾਤਾਰ 24 ਘੰਟੇ ਉਸ ਕੋਲ ਰਹੇ, ਉਸਨੂੰ attend ਕੀਤਾ ਤੇ ਮੈਨੂੰ ਇੱਕ ਰਾਤ ਵੀ ਉੱਥੇ ਨਾ ਰਹਿਣ ਦਿੱਤਾ। ਸਾਡੇ ਸਤਿਸੰਗੀ ਵੀਰ ਨੌ ਦਿਨ ਆਪਣੀ ਦੁਕਾਨ ਤੇ ਨਹੀਂ ਗਏ ਤੇ ਸਾਰਾ ਦਿਨ ਅਸੀਂ ਹਸਪਤਾਲ ਜਾਂ ਸਤਿਸੰਗ ਵਿੱਚ ਲਾਹਾ ਖੱਟਦੇ ਸੀ। ਵੀਰ ਜੀ ਮੇਰੇ ਬੇਟੇ ਦੇ ਨਾਲ-ਨਾਲ ਉਸਦੇ ਸਾਥੀਆਂ ਲਈ ਵੀ ਘਰ ਦਾ ਭੋਜਨ ਤਿੰਨੇ ਵੇਲੇ ਪੁਚਾਂਦੇ, ਹੋਸਟਲ ਵਿੱਚ ਰਹਿਣ ਵਾਲੇ ਬੱਚੇ ਘਰ ਦਾ ਭੋਜਨ ਖਾ ਕੇ ਖੁਸ਼ ਹੁੰਦੇ। ਅੰਮ੍ਰਿਤ ਵੇਲਾ ਕਰ ਕੇ ਜਦੋਂ 5:30 ਵਜੇ ਹਸਪਤਾਲ ਲਈ ਨਿਕਲਦੇ ਤਾਂ ਵੀਰ ਜੀ ਵਾਰਡ ਦੇ ਸਾਰੇ ਮਰੀਜਾਂ ਲਈ ਚਾਹ ਲੈ ਜਾਂਦੇ, ਗਰਮ-ਗਰਮ ਘਰ ਦੀ ਚਾਹ ਪੀ ਕੇ ਮਰੀਜ਼ ਸਾਨੂੰ ਆਸੀਸਾਂ ਦੇਂਦੇ। ਸਿਵਲ ਹਸਪਤਾਲ ਦਾ ਸਰਜਨ ਡਾਕਟਰ (Head of the Surgery Dept.), ਇਨਸਾਨ ਦੇ ਰੂਪ ਵਿੱਚ ਦੇਵਤਾ ਸੀ। ਇਤਨੇ ਪਿਆਰ ਨਾਲ ਉਸ ਮੇਰੇ ਬੇਟੇ ਦਾ ਇਲਾਜ ਕੀਤਾ ਤੇ ਸਾਡੇ ਨਾਲ ਉਸਦੀ ਐਸੀ ਪਿਆਰ ਦੀ ਸਾਂਝ ਪਈ ਕਿ ਇਹ ਅੱਜ ਵੀ ਕਾਇਮ ਹੈ। ਗੁਰੂ ਕਿਰਪਾ ਸਦਕਾ, "ਗੁਰਮੁਖ ਪਿਆਰੇ" ਜੀ ਅਤੇ ਵੀਰ ਜੀ ਸਮੇਤ, ਅਸੀਂ ਸਾਰੇ ਹਰ ਵੇਲੇ ਆਪਣੇ ਮਰੀਜ਼ ਤੋਂ ਇਲਾਵਾ ਬਾਕੀ ਸਾਰਿਆਂ ਦੀ ਵੀ ਪੁੱਛ-ਪ੍ਰਤੀਤ ਕਰਦੇ, ਇਸ ਤਰ੍ਹਾਂ ਇਹ ਨੌ ਦਿਨ, ਜੋ tension, ਪ੍ਰੇਸ਼ਾਨੀ ਤੇ ਚਿੰਤਾ ਵਿੱਚ ਗੁਜਰੇ ਸਨ, ਅਨੰਦ ਸੇਵਾ ਤੇ ਸਤਿਸੰਗ ਵਿੱਚ ਗੁਜਾਰ ਕੇ ਅਸੀਂ ਆਪਣੇ ਸ਼ਹਿਰ ਵਾਪਸ ਆਏ। ਪਲੇ-ਪਲ ਪ੍ਰਭੂ ਦੀ ਹਜੂਰੀ ਮਹਿਸੂਸ ਕੀਤੀ ਤੇ ਬਗੈਰ ਕਿਸੇ ਸੋਚ, ਚਿੰਤਾ ਦੇ ਸਾਰੇ ਕੰਮ ਆਪਣੇ ਆਪ ਹੁੰਦੇ ਰਹੇ, ਪ੍ਰਭੂ ਕਿਰਪਾ ਸਦਕਾ।

ਇਸੇ ਬੇਟੇ ਸਾਹਮਣੇ ਜਦੋਂ ਇਹ ਮਸਲਾ ਆਇਆ ਕਿ B.A. ਤੋਂ ਬਾਅਦ ਕੀ ਕਰੇ, ਉਸ Law (L.L.B.) ਕਰਨ ਦੀ ਸੋਚੀ, ਪੂਨਾ ਤੇ ਦਿੱਲੀ ਐਡਮੀਸ਼ਨ ਵੀ ਹੋ ਗਈ, ਪਰ ਪ੍ਰਭੂ ਨੇ ਕੁਝ ਹੋਰ ਹੀ ਸੋਚਿਆ ਸੀ ਉਸ ਲਈ। ਅਖਬਾਰਾਂ ਵਿੱਚ ਇੱਕ advertisement ਛਪੀ ਜੈਪੁਰ ਦੇ ਇੱਕ ਕਾਲੇਜ ਦੀ ਜਿੱਥੇ Hospital Management ਦਾ ਇੱਕ ਨਵਾਂ ਕੋਰਸ ਸ਼ੁਰੂ ਹੋ ਰਿਹਾ ਸੀ। ਮੇਰਾ ਤਾਂ ਪਹਿਲਾ ਹੀ ਇਹ ਖਿਆਲ ਸੀ ਕਿ ਉਸਨੂੰ ਵਕਾਲਤ ਕਰ ਕੇ ਕੋਰਟਾਂ ਵਿੱਚ ਧੱਕੇ ਨਾ ਖਾਣੇ ਪੈਣ, ਇਹ ਪੇਸ਼ਾ ਕੁਝ ਜਚਦਾ ਨਹੀਂ, ਸਾਰੀ ਉਮਰ ਝੂਠ ਦੀ ਕਮਾਈ ਖਾਣੀ ਪਵੇਗੀ। ਸੁ ਅਸਾਂ ਫੈਸਲਾ ਕੀਤਾ ਕਿ ਇਸ ਨਵੇਂ ਕੋਰਸ ਲਈ ਕੋਸ਼ਿਸ਼ ਕੀਤੀ ਜਾਵੇ, written test ਤੇ Interview ਵਿੱਚ selection ਹੋ ਗਈ, ਐਡਮੀਸ਼ਨ ਲੈ ਲਈ। ਕੋਰਸ ਪੂਰਾ ਹੋਇਆ ਅਤੇ ਨਾਲ-ਨਾਲ ਹੀ ਅਹਿਮਦਾਬਾਦ ਦੇ ਇੱਕ ਹਸਪਤਾਲ ਵਿੱਚ ਨੌਕਰੀ ਵੀ ਮਿਲ ਗਈ। ਸੁ ਪ੍ਰਭੂ ਨੇ ਮੇਰੀ ਨਾਲਾਇਕੀ ਕੱਜ ਕੇ ਮੇਰੀ ਇਹ ਜਿੰਮੇਵਾਰੀ ਪੂਰੀ ਕਰ ਦਿੱਤੀ। ਛੋਟਾ ਬੇਟਾ B.E. (Computer Engg.) ਦਾ ਕੋਰਸ ਕਰ ਰਿਹਾ ਹੈ, 3rd year ਵਿੱਚ ਪਹੁੰਚ ਗਿਆ ਹੈ, ਉਸ ਕਾਲੇਜ ਵਿੱਚ 100% placement ਦਾ ਰਿਕਾਰਡ ਹੈ। ਤੀਸਰੇ ਸਾਲ ਦੇ ਅਖੀਰ ਵਿੱਚ ਵੱਡੀਆਂ-ਵੱਡੀਆਂ ਕੰਪਨੀਆਂ recruit ਕਰ ਲੈਂਦੇ ਹਨ, ਸੁ ਨੌਕਰੀ ਦੀ ਚਿੰਤਾ ਤੋਂ ਮੁਕਤ ਹੋ ਕੇ ਬੱਚੇ 4th year ਵਿੱਚ ਇੱਕ ਮਨ ਹੋ ਕੇ ਪੜ੍ਹਾਈ ਪੂਰੀ ਕਰਦੇ ਹਨ। ਸੁ ਜਾਪਦਾ ਹੈ, ਛੋਟੇ ਦੀ ਜਿੰਮੇਵਾਰੀ ਵੀ ਪ੍ਰਭੂ ਨੇ ਸੰਭਾਲ ਲਈ ਹੈ।

ਪ੍ਰਭੂ ਹਰ ਵਕਤ ਇਨਸਾਨ ਦੀ ਜ਼ਿੰਦਗੀ ਨੂੰ ਗਾਈਡ ਕਰਦੇ ਹਨ ਆਪਣੇ ਰਾਹ ਤੇ ਜੇ ਉਸ ਵਿੱਚ (ਗੁਰੂ ਕਿਰਪਾ ਸਦਕਾ) ਚਾਹਤ ਹੋਵੇ guidance ਲੈਣ ਦੀ। ਦੋਹਾਂ ਬੱਚਿਆਂ ਦੀ ਜਿੰਮੇਵਾਰੀ ਤੋਂ ਲਗਭਗ (almost) ਮੁਕਤ ਕਰਾ ਕੇ ਪ੍ਰਭੂ ਨੇ ਫਿਰ ਇਹ ਸੋਚ ਪਾਈ ਮਨ ਵਿੱਚ (ਜੋ ਸਤਿਸੰਗ ਵਿੱਚ ਗੁਰਮਤ ਦੀ ਪੜ੍ਹਾਈ ਚੋਂ ਉਪਜੀ) "ਹੁਣ ਇਹ ਦੁਨੀਆਂ ਦੀ ਨੌਕਰੀ ਕਿਸ ਲਈ ਕਰੀ ਜਾ ਰਿਹਾ ਹੈ, ਕਿਉਂ ਨਾ ਇਸ ਗੁਲਾਮੀ ਤੋਂ ਮੁਕਤ ਹੋ ਕੇ ਗੁਰੂ ਦੀ ਗੁਲਾਮੀ ਕਰ ਤੇ ਆਪਣੀ ਜਿੰਦਗੀ ਦੇ ਮਕਸਦ ਦੀ ਪ੍ਰਾਪਤੀ ਲਈ ਉਦਮ ਕਰ।" ਮਨ ਮੰਨ ਗਿਆ ਕਿ ਹਾਂ ਇਹ ਠੀਕ ਹੈ। ਕਮਾਲ ਵੇਖੋ, ਪਹਿਲਾਂ ਆਪ ਵਿਚਾਰ ਪਾਇਆ ਪ੍ਰਭੂ ਨੇ ਫਿਰ ਆਪ ਹੀ planning ਤੇ execution ਕੀਤੀ। ਸਾਡੀ ਕੰਪਨੀ ਵਿੱਚ golden handshake ਦੀ ਸਕੀਮ ਆਈ ਜੋ economy ਦੀ liberalisation ਦੀ ਉਪਜ ਸੀ ਕਿਉਂਕਿ ਵਿਸ਼ਵ ਸਤਰ ਤੇ compete ਕਰਨ ਲਈ ਕੰਪਨੀ ਨੂੰ manpower ਘਟਾਣਾ ਜਰੂਰੀ ਹੋ ਗਿਆ ਸੀ। Early separation Scheme ਦੇ ਅੰਦਰ ਨੌਕਰੀ ਛੱਡਣ ਦੀ ਸ਼ਰਤ ਇਹ ਸੀ, ਜਿਸਨੂੰ ਇਹ ਦਿੱਤੀ ਜਾਏ ਉਸਦੀ post sur-

render ਕਰਨੀ ਪਵੇਗੀ। ਪ੍ਰਭੂ ਨੇ ਇਹ scheme ਆਉਣ ਤੋਂ ਪਹਿਲਾਂ ਹੀ ਮੇਰੇ boss ਦੇ ਮਨ ਵਿੱਚ ਇਹ ਖਿਆਲ ਪਾਇਆ ਕਿ ਸਾਡੇ ਆਫਿਸ ਵਿੱਚ ਕੰਮ ਵਧ ਰਿਹਾ ਹੈ, ਸੁ ਉਸ ਇੱਕ additional post sanction ਕਰਵਾ ਲਈ; ਪਰ ਮੈਨੂੰ ਸਬਰ, ਸਿਦਕ ਤੇ ਧੀਰਜ ਦੀ ਪੜ੍ਹਾਈ ਸਿਖਾਣ ਲਈ ਤਿੰਨ ਸਾਲ ਮੇਰੀ ਪਤਨੀ ਰਾਹੀਂ ਰੁਕਾਵਟ ਪਾਉਂਦਾ ਰਿਹਾ ਤੇ ਨਾਲ ਹੀ ਇਹ ਵੀ ਸਮਝਾਂਦਾ ਰਿਹਾ ਕਿ ਜਦੋਂ perfect time ਆਵੇਗਾ ਉਦੋਂ ਇਹ ਕੰਮ ਕਰਾਂਗਾ। ਤੂੰ ਆਪਣਾ ਕੰਮ ਕਰ ਨਾਮ ਜਪਦਾ ਰਹੁ -ਮੈਂ ਤੇਰੇ ਕੰਮ (ਗੁਲਾਮੀ ਤੋਂ ਮੁਕਤੀ) ਦਾ ਇੰਤਜਾਮ ਕਰਾਂਗਾ। ਕਈ ਵਾਰ ਮੈਂ ਕਾਹਲਾ ਪਵਾਂ, ਕਿਉਂਕਿ ਨੌਕਰੀ ਤੋਂ ਮਨ ਉਦਾਸ ਹੋ ਚੁੱਕਾ ਸੀ, ਪਰ ਫਿਰ ਗੁਰੂ ਦੀ ਪੜ੍ਹਾਈ ਯਾਦ ਕਰਾਏ ਕਿ ਭਾਣਾ ਮੰਨਣਾ ਹੈ, ਸ਼ਿਕਾਇਤ ਨਹੀਂ ਕਰਨੀ, ਕੋਸ਼ਿਸ਼ ਕਰਨੀ ਹੈ ਪਰ ਨਾਲ ਹੀ ਰਜ਼ਾ ਵਿੱਚ ਰਹਿਣਾ ਹੈ। ਫਿਰ ਜਦੋਂ ਪ੍ਰਭੂ ਦਾ ਮਿਥਿਆ ਸਮਾਂ (His timing is perfect) ਆ ਗਿਆ ਤਾਂ ਵੇਖਦੇ-ਵੇਖਦੇ ਕੁਝ ਦਿਨਾਂ ਵਿੱਚ ਹੀ ਕੰਮ ਹੋ ਗਿਆ। ਮੈਂ ਸਕੀਮ ਬਾਰੇ ਪਤਾ ਕਰਨ ਗਿਆ ਕਿਸੇ ਕੋਲ, ਉੱਥੇ ਹੀ HRD (ਜੋ ਇਹ ਸਕੀਮ handle ਕਰਦੇ ਹਨ) ਦਾ hand ਆ ਗਿਆ। ਸਾਡੀ ਗਲਬਾਤ ਹੋਈ, ਉਸ ਕਿਹਾ, please apply through your divisional head we will see." ਮੈਂ ਆਪਣੇ boss ਨਾਲ ਗਲ ਕੀਤੀ, ਪ੍ਰਭੂ (ਸਭ ਦੇ ਨਰਤਤ) ਨੇ ਉਸਦੇ ਮਨ ਵਿੱਚ ਵਿਚਾਰ ਪਾਇਆ। (ਮੇਰੀ request ਸੁਣ ਕੇ), ਕਿ ਇਸਨੇ ਅਜ ਤੱਕ ਕੋਈ request ਨਹੀਂ ਕੀਤੀ, ਨਾ ਕਦੇ promotion ਮੰਗੀ, ਹੁਣ ਜ਼ਿੰਦਗੀ ਵਿੱਚ ਜੇ ਪ੍ਰਭੂ ਦਾ ਕੰਮ ਕਰਨਾ ਚਾਹੁੰਦਾ ਹੈ ਤਾਂ ਮੈਂ ਕਿਉਂ ਇਸ ਦੇ ਰਾਹ ਵਿੱਚ ਰੁਕਾਵਟ ਬਣਾਂ, ਇਸ ਦਾ ਕੰਮ ਕਰ ਕੇ ਮੈਨੂੰ ਪ੍ਰਭੂ ਦੀ ਖੁਸ਼ੀ ਮਿਲੇਗੀ। ਸੁ ਉਸ ਇਹ ਕਹਿੰਦਿਆਂ, "I do not want to come in your way, if have decided to take up social service in the Name of God", ਮੇਰੀ ਦਰਖਾਸਤ recommend ਕਰ ਦਿੱਤੀ। ਇੱਕ ਹਫਤੇ ਅੰਦਰ ਮੰਜ਼ੂਰੀ ਮਿਲ ਗਈ ਤੇ ਮੈਂ ਨੌਕਰੀ ਦੀ ਗੁਲਾਮੀ ਤੋਂ ਮੁਕਤ ਹੋ ਗਿਆ। ਇਸ ਵਾਰ ਮੇਰੀ ਪਤਨੀ ਵੀ ਸਹਿਜੇ ਹੀ ਸਹਿਮਤ ਹੋ ਗਈ ਸੀ।"

ਮੈਂ ਪੁੱਛਿਆ, ਵੀਰ ਜੀ ਹੁਣ ਕੀ ਕਰਨ ਦਾ ਵੀਚਾਰ ਹੈ। ਉੱਤਰ ਮਿਲਿਆ, "ਗੁਰੂ ਮੇਰੀ ਤਿਆਰੀ ਕੁਝ ਸਾਲਾਂ ਤੋਂ ਕਰਾ ਰਿਹਾ ਸੀ, ਮੈਂ ਹਰ ਐਤਵਾਰ, ਮਦਰ ਟੇਰੇਸਾ ਦੇ ਇੱਕ ਅਨਾਥ ਆਸ਼ਰਮ (ਨਿਰਮਲ ਹਿਰਦਯ) ਵਿੱਚ ਇੱਕ ਘੰਟਾ ਉਨ੍ਹਾਂ ਲੋਕਾਂ ਨਾਲ ਗੁਜਾਰਦਾ ਹਾਂ ਜੋ ਬੀਮਾਰ, ਅਪਾਹਿਜ ਤੇ ਅਨਾਥ ਹਨ। ਕੁਝ ਨਹੀਂ, ਬਸ ਉਨ੍ਹਾਂ ਨਾਲ ਪਿਆਰ ਦੇ ਦੋ ਮਿੱਠੇ ਬੋਲ ਬੋਲਣੇ, ਹਾਲ-ਚਾਲ ਪੁੱਛਣਾ, ਕੋਈ ਛੋਟੀ-ਮੋਟੀ ਲੋੜ ਪੂਰੀ ਕਰਨੀ। ਗੁਰੂ ਤੋਂ ਪ੍ਰਾਪਤ ਸੋਝੀ ਨੇ ਇਹ ਅਹਿਸਾਸ ਕਰਾਇਆ ਕਿ ਇੱਥੇ ਸਾਡੇ ਸੱਚੇ ਰਿਸ਼ਤੇਦਾਰ ਹਨ ਕਿਉਂਕਿ ਇਨ੍ਹਾਂ (ਅਖੌਤੀ ਨੀਵਿਆਂ) ਨਾਲ ਮੇਰਾ ਗੁਰੂ, ਗੁਰੂ ਨਾਨਕ ਵਸਦਾ ਹੈ। ਹੁਣ ਦੋ ਇਸਾਈ ਸਿਸਟਰਾਂ ਜੋ ਕੈਂਸਰ ਦੇ ਮਰੀਜਾਂ ਲਈ ਕੰਮ ਕਰਦੀਆਂ ਹਨ, ਨਾਲ ਰਲ ਕੇ, ਜੋ ਪ੍ਰਭੂ ਨੂੰ ਮੰਜੂਰ ਹੋਇਆ ਤਾਂ ਗੁਰੂ ਦੀ ਗੁਲਾਮੀ ਸਦਕਾ, ਉਨ੍ਹਾਂ ਕੈਂਸਰ ਦੇ ਮਰੀਜਾਂ ਦੇ ਚਰਣਾਂ ਵਿੱਚ ਰਹਿਣ ਦੀ ਕੋਸ਼ਿਸ਼ ਕਰਾਂਗਾ।"

ਮੈਂ ਕਿਹਾ, ਵੀਰ ਜੀ ਆਪ ਦੀ ਕਹਾਣੀ ਸੁਣ ਕੇ ਮਨ ਮੰਨ ਗਿਆ ਹੈ ਕਿ ਵਾਕਈ ਡੋਰ ਪ੍ਰਭੂ ਦੇ ਹੱਥ ਹੈ, ਸਾਰਾ ਕੁਝ ਕਰਨ-ਕਰਾਣ ਵਾਲਾ ਉਹੀ ਹੈ ਤੇ ਕਮਾਲ ਹੈ ਕਿ ਉਹ ਜੋ ਵੀ ਕਰਦਾ ਹੈ ਸਾਡੇ ਭਲੇ ਲਈ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਅਗਿਆਨਤਾ ਕਾਰਣ ਕਈ ਵਾਰ ਸਾਨੂੰ ਸਮਝ ਨਹੀਂ ਪੈਂਦੀ ਕਿ ਇਸ ਪਹਾੜ ਵਰਗੇ ਦੁੱਖ ਵਿੱਚ ਭਲਾਂ ਕੀ ਭਲਾ ਹੋ ਸਕਦਾ ਹੈ ਸਾਡਾ; ਸਮਾਂ ਪਾ ਕੇ ਇਹ ਗੱਲ ਖੁੱਲ੍ਹਦੀ ਹੈ, ਫਿਰ ਅਸੀਂ ਸ਼ੁਕਰ-ਸ਼ੁਕਰ ਕਰਦੇ ਹਾਂ, ਪ੍ਰਭੂ ਚੰਗਾ ਕੀਤਾ ਸੀ ਤੂੰ ਮੇਰੇ ਨਾਲ। ਪ੍ਰਭੂ ਮੇਰੇ ਗਰੀਬ ਤੇ ਵੀ ਕਿਰਪਾ ਕਰਨ ਕਿ ਮੈ. ਵੀ ਗੁਰੂ ਦੀ ਗੁਲਾਮੀ ਕਰ ਸਕਾਂ ਤੇ ਅਮਲੀ ਰੂਪ ਵਿੱਚ ਇਹ ਮੰਨ ਸਕਾਂ।

*"ਜੋ ਤੁਮ ਕਰਹੁ ਸੋਈ ਭਲ ਹਮਰੈ"* (ਪੰਨਾ 820)

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ। ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।

• • •

ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ।
ਇਸ ਤੋਂ ਬਿਨ੍ਹਾਂ ਕੋਈ ਕਾਰਵਾਈ ਨਹੀਂ ਹੋ ਸਕਦੀ।
**ਅੰਮ੍ਰਿਤ ਕੀਰਤਨ ਟ੍ਰਸਟ, 422 ਸੈਕਟਰ 15-ਏ, ਚੰਡੀਗੜ੍ਹ।**

# स्वर्णिम अतीत, स्वर्णिम भविष्य



## सपना जो साकार हुआ।

उर्वरक उद्योग का मुख्य उद्देश्य, भारत को उर्वरक उत्पादन के क्षेत्र में आत्म–निर्भर बनाना था। फसल उत्पादन बढ़ाने के लिए आव यक पोषक तत्वों की सही समय पर तथा वांछित मात्रा में उपलब्धता सुनिश्चित करने के उद्देश्य से 1967 में इफको की स्थापना हुई। इफको के चार अत्याधुनिक संयंत्र गुजरात में कलोल व कांडला तथा उत्तर प्रदेश में फूलपुर व आंवला में कार्यरत हैं। इतना ही नहीं, इफको ने विश्व में सबसे बड़ी उर्वरक उत्पादक संस्था बनने के लिए अपनी "विज़न फॉर टुमारो" योजना को कार्यरूप देना आरम्भ कर दिया है। इफको ने सहकारिता के विकास में सदैव उत्कृष्ट भूमिका निभाई है। गुणवत्तायुक्त उर्वरकों की आपूर्ति से लाखों किसानों को हर वर्ष भरपूर फसल का लाभ प्राप्त हो रहा है तथा भूमि की उर्वरा शक्ति भी बरकरार रखी जा सकी है।

इफको सही अर्थों में भारतीय किसानों का तथा सहकारिता का गौरव है।

**इफको**

इंडियन फारमर्स फर्टिलाइजर कोआपरेटिव लिमिटेड

34, नेहरू प्लेस, नई दिल्ली–110 019



INTERADS/D/98

## ਗਾਇਕੀ ਦੀ ਇੱਕ ਸੁਰਮਈ ਸ਼ਾਮ

ਭਾਰਤ ਦੇ ਸੱਭਿਆਚਾਰ ਵਿਰਸੇ ਅਤੇ ਸ਼ਾਸਤਰੀ ਸੰਗੀਤ ਨੂੰ ਸੁਰਜੀਤ ਰੱਖਣ ਹਿਤ ਸਮਰਪਿਤ ਸੰਸਥਾ 'ਹੈਰੀਟੇਜ' (ਕੋਟਕਪੂਰਾ, ਪੰਜਾਬ) ਵਲੋਂ 19 ਦਸੰਬਰ ਦੀ ਸ਼ਾਮ ਪੰਜਾਬ ਦੇ ਨੌਜਵਾਨ ਸ਼ਾਸਤਰੀ ਗਾਇਕ ਪ੍ਰੋਫੈਸਰ ਅਲੰਕਾਰ ਸਿੰਘ ਦੇ ਗਾਇਣ ਦਾ ਇੱਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਹੈਰੀਟੇਜ ਦੇ ਸੰਸਥਾਪਕ ਅਤੇ ਸੰਚਾਲਕ ਡਾ. ਸੁਭਾਸ਼ ਪਰਿਹਾਰ ਦੀ ਕਲਾ ਨੂੰ ਸਮਰਪਣ ਭਾਵਨਾ ਕਾਰਣ ਇਹ ਸ਼ਾਮ ਮਾਲਵੇ ਦੇ ਸਭਿਆਚਾਰਕ ਕੈਲੰਡਰ ਵਿੱਚ ਇੱਕ ਯਾਦਗਾਰੀ ਸਮਾਗਮ ਹੋ ਨਿੱਬੜੀ।

ਪ੍ਰੋ. ਅਲੰਕਾਰ ਸਿੰਘ ਨੇ ਆਪਣੇ ਗੁਰੂ-ਜਨਾਂ ਪ੍ਰੋ. ਤਾਰਾ ਸਿੰਘ, ਪ੍ਰੋ. ਸੋਹਣ ਸਿੰਘ ਅਤੇ ਪੰਡਿਤ ਗਣੇਸ਼ ਪ੍ਰਸਾਦ ਸ਼ਰਮਾ ਨੂੰ ਯਾਦ ਕਰਦਿਆਂ ਹੋਇਆਂ ਰਾਗ ਰਾਗੇਸ਼ਵਰੀ ਵਿੱਚ ਤਿੰਨ ਖਿਆਲ ਪੇਸ਼ ਕੀਤੇ। ਸਭ ਤੋਂ ਪਹਿਲਾਂ ਸ਼ਾਂਤ ਰਸ ਭਰਪੂਰ ਰਚਨਾ 'ਸੁਰ ਕੀ ਗਤਿ ਜਾਨੈ ਸੋਇ' ਵਿਲੰਬਤ ਲੈਅ ਵਿੱਚ ਪੇਸ਼ ਕੀਤੀ ਗਈ ਅਤੇ ਉਸ ਉਪਰੰਤ ਸ਼ਿੰਗਾਰ ਰਸ ਨਾਲ ਭਿੱਜੇ ਹੋਏ ਦੋ ਹੋਰ ਖਿਆਲ 'ਆਜ ਸ਼ਾਮ ਰੋਕੋ ਨਾਹੀਂ ਡਗਰੀਆ ਹਮਾਰੀ' ਅਤੇ 'ਮੋਰੇ ਪੀਅਰਵਾ ਮੋਰੈ ਘਰ ਨਹੀਂ ਆਵੈ' ਮੱਧਮ ਅਤੇ ਦ੍ਰੁਤ ਲੈਅਕਾਰੀ ਵਿੱਚ ਪੇਸ਼ ਕੀਤੀਆਂ ਗਈਆਂ। ਇਹਨਾਂ ਪੇਸ਼ਕਾਰੀਆਂ ਵਿੱਚੋਂ ਪਹਿਲੀਆਂ ਦੋਹਾਂ ਦੀ ਬੰਦਿਸ਼ ਪੰਡਿਤ ਗਣੇਸ਼ ਪ੍ਰਸਾਦ ਜੀ ਦੀ ਤਿਆਰ ਕੀਤੀ ਹੋਈ ਸੀ ਅਤੇ ਤੀਸਰੀ ਬੰਦਿਸ਼ ਦੇ ਕਰਤਾ ਵਾਜਿਦ ਹੁਸੈਨ ਖਾਨ ਸਾਹਿਬ ਸਨ। ਸੂਝਵਾਨ ਸਰੋਤਿਆਂ ਨੇ ਪੂਰੀ ਤਰ੍ਹਾਂ ਇਕਾਗਰ ਚਿੱਤ ਹੋ ਕੇ ਇਹਨਾਂ ਪੇਸ਼ਕਾਰੀਆਂ ਦਾ ਆਨੰਦ ਮਾਣਿਆ ਅਤੇ ਪ੍ਰੋ. ਸਿੰਘ ਦੇ ਤਾਨ-ਪਲਟਿਆਂ ਅਤੇ ਲੈਅਕਾਰੀਆਂ ਦੀ ਭਰਪੂਰ ਦਾਦ ਦਿੱਤੀ।

ਇਸ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ ਪ੍ਰੋਫੈਸਰ ਅਲੰਕਾਰ ਸਿੰਘ ਦਾ ਪਰਿਚਯ ਕਰਵਾਉਂਦਿਆਂ ਹੋਇਆ ਦੱਸਿਆ ਕਿ ਪ੍ਰੋ. ਅਲੰਕਾਰ ਪਿਛਲੇ ਦਸ-ਬਾਰਾਂ ਵਰ੍ਹਿਆਂ ਤੋਂ ਕਠਿਨ ਰਿਆਜ਼ ਕਰਦਾ ਆ ਰਿਹਾ ਹੈ ਅਤੇ ਉਸ ਦੀਆਂ ਸੁਰਾਂ ਦੇ ਜਾਦੂ ਦੇ ਪਿੱਛੇ ਇੱਕ ਬਹੁਤ ਲੰਬੀ ਅਤੇ ਇਕਾਗਰ ਸਾਧਨਾ ਗਤੀਸ਼ੀਲ ਹੈ। ਪ੍ਰੋ. ਅਲੰਕਾਰ ਦਾ ਸੰਬੰਧ ਪੰਜਾਬ ਦੇ ਇੱਕ ਪ੍ਰਸਿੱਧ ਕਲਾ-ਸਮਰਪਿਤ ਘਰਾਣੇ ਨਾਲ ਹੈ। ਉਹਨਾਂ ਦੇ ਮਾਤਾ ਜੀ, ਡਾ. ਕਮਲੇਸ਼ ਉਪੱਲ ਨੇ ਥੀਏਟਰ ਦੇ ਖੇਤਰ ਵਿੱਚ ਅਤੇ ਵੱਡੀ ਦੀਦੀ ਮਿਸਿਜ਼ ਨਿਵੇਦਿਤਾ ਨੇ ਗੁਰਮਤਿ ਸੰਗੀਤ ਵਿੱਚ ਆਪਣੀ ਇੱਕ ਵਿਲੱਖਣ ਪਹਿਚਾਨ ਬਣਾਈ ਹੋਈ ਹੈ। ਪ੍ਰੋ. ਅਲੰਕਾਰ ਦੇ ਪਿਤਾ ਸ. ਦਲੀਪ ਸਿੰਘ ਉਪੱਲ ਵੀ ਸੱਭਿਆਚਾਰਕ ਅਤੇ ਸਾਹਿਤਿਕ ਸਰਗਮੀਆਂ ਨਾਲ ਪੂਰੀ ਤਰ੍ਹਾਂ ਵਚਨਬੱਧ ਰਹੇ ਹਨ।

ਇਸ ਸੁਰਮਈ ਸ਼ਾਮ ਦੇ ਅਗਲੇ ਦੌਰ ਵਿੱਚ ਪ੍ਰੋ. ਅਲੰਕਾਰ ਨੇ ਰਾਗ ਮਾਲਕੌਂਸ ਵਿੱਚ ਆਪਣੀਆਂ ਦੋ ਪ੍ਰਸਿੱਧ ਪੇਸ਼ਕਾਰੀਆਂ ਸੁਣਾ ਕੇ ਸਰੋਤਿਆਂ ਨੂੰ ਭਾਵ-ਵਿਭੋਰ ਕਰ ਦਿੱਤਾ। ਮਹਿਫ਼ਿਲ ਵਿੱਚ ਆਏ ਹਰ ਸਰੋਤੇ ਨੇ ਝੂਮ-ਝੂਮ ਕੇ ਦਾਦ ਦਿੱਤੀ। ਪ੍ਰੋ. ਅਲੰਕਾਰ ਨਾਲ ਤਬਲੇ ਉੱਪਰ ਸੰਗਤ ਕਰ ਰਹੇ ਸਨ, ਪੰਜਾਬ ਘਰਾਣੇ ਦੇ ਪ੍ਰਸਿੱਧ ਤਬਲਾ-ਵਾਦਕ ਸ਼੍ਰੀ ਤਿਲਕ ਰਾਜ। ਸ਼੍ਰੀ ਗੁਰਨਾਮ ਸਿੰਘ ਤਾਨਪੁਰੇ ਉੱਪਰ ਅਤੇ ਸ੍ਰੀ ਹਰਜੀਤ ਸਿੰਘ ਹਰਮੋਨੀਅਮ ਉੱਪਰ ਸੰਗਤ ਕਰ ਰਹੇ ਸਨ। ਜਦੋਂ ਪ੍ਰੋ. ਅਲੰਕਾਰ ਨੇ 'ਸ਼ੰਕਰ ਮਹਾਂਦੇਵ ਮਹੇਸ਼' ਵਾਲਾ ਰਾਗ ਮਾਲਕੌਂਸ ਦਾ ਖਿਆਲ ਸ਼ੁਰੂ ਕੀਤਾ ਤਾਂ ਸਰੋਤੇ ਅਧਿਆਤਮਕ ਸਿਖਰਾਂ ਨੂੰ ਛੋਹਣ ਲੱਗੇ। ਗਾਇਕ, ਵਾਦਕ ਅਤੇ ਸਰੋਤੇ ਸਭ ਇੱਕ ਰੂਪ ਹੋ ਕੇ ਸ਼ਾਸ਼ਤਰੀ ਗਾਇਨ ਦੇ ਵੇਗ ਵਿੱਚ ਵਹਿ ਤੁਰੇ। ਅੰਤ ਵਿੱਚ ਸਰੋਤਿਆਂ ਦੇ ਅਨੁਰੋਧ ਤੇ ਪ੍ਰੋ. ਅਲੰਕਾਰ ਨੇ ਬਸੰਤ ਵਿੱਚ ਰਚਿਤ ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਦੇਖ ਫੂਲ ਫੂਲ ਫੂਲੇ' ਵੀ ਪੇਸ਼ ਕੀਤਾ।

ਕਲਾਸਿਕੀ ਗਾਇਕੀ ਦੀ ਇਸ ਖ਼ੂਬਸੂਰਤ ਸ਼ਾਮ ਦੇ ਅੰਤ ਵਿੱਚ ਮੁੱਖ ਮਹਿਮਾਨ ਪ੍ਰੋ. ਗੁਰਦਿਆਲ ਸਿੰਘ (ਨਾਵਲਿਸਟ) ਨੇ ਪ੍ਰੋ. ਅਲੰਕਾਰ ਦੇ ਪਰਿਵਾਰ ਨਾਲ ਆਪਣੇ ਸਨੇਹਭਰੇ ਸੰਬੰਧਾਂ ਨੂੰ ਯਾਦ ਕਰਦਿਆਂ ਹੋਇਆ ਉਸ ਦੀ ਗਾਇਕੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਸੁਭਾਸ਼ ਪਰਿਹਾਰ ਵਰਗੇ ਵਿਦਵਾਨ ਅਤੇ ਕਲਾ-ਪ੍ਰੇਮੀ ਨੇ ਇਹੋ ਜਿਹੀ ਖ਼ੂਬਸੂਰਤ ਅਤੇ ਭਾਵਾਂ-ਗੁੱਝੀ ਸ਼ਾਮ ਦਾ ਆਯੋਜਨ ਕਰਕੇ ਸਾਡੇ ਉੱਤੇ ਬੜਾ ਉਪਕਾਰ ਕੀਤਾ ਹੈ। ਅੰਤ ਵਿੱਚ ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ ਆਏ ਹੋਏ ਕਲਾਕਾਰਾਂ ਅਤੇ ਸਮੂਹ ਕਲਾ-ਪ੍ਰੇਮੀਆਂ ਦਾ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਤੋਂ ਪਹਿਲਾਂ ਅਦਾਰਾ ਹੈਰੀਟੇਜ ਸ਼੍ਰੀ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ ਦੇ ਸ਼ਾਸ਼ਤਰੀ ਗਾਇਨ ਦਾ ਪ੍ਰੋਗਰਾਮ ਆਯੋਜਿਤ ਕਰਵਾ ਚੁੱਕਾ ਹੈ। ☬


**ਸਿੱਖ ਲੀਗ**
(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

# THE KHAALSAA PHILOSOPHY

## Tarninder Singh ★

*The Khaalsaa philosophy:* Guru Gobind Singh has spoken about 'Khaalsaa'. However, the GGS (Guru Granth Sahib) has very few lines. Surprisingly, one line in GGS is authored by Bhagat Kabirji, much before Guru Nanak started Sikhism. This reconfirms our stand that Truth is only 'rediscovered'.

A few lines which give a comprehensive definition of the state-of-mind of 'Khaalsaa' are:

- *'Pario kaal sabhe jag uupar mahe, likhay brahmgiani. Kaho kabir jan bhae khalse, prem bhagat jeh jaani'* (GGS: page 655). Indicating that a khaalsaa is steeped in the love of God.
- *'Aatam ras jeh jaanhi, so hai khaalsaa deo'* (Sarab Loh Granth, 645; AK (Pothi Amrit Kirtan): 245). Indicating that He who has united His mind with The Soul is a Khaalsaa. This means that He has attained salvation.
- *'Khaalsaa soi naam rat laage'* (Nandlal bani; AK : 1015) - indicating that He who is dyed with the hue of God's love is a Khaalsaa.
- *Jaagat jyot, jape nis baasur, ek Binaa man naek na aanae. Puuran prem prateet saje....Puuran jyot jage ghat meh, tab khaalsaa tahe na-khaalas jaanae.* (Sarab Lohgranth; AK : 291) -indicating that a [true]Khaalsaa prays continuously to the Indwelling Soul. He has undivided love for God. When He experiences all the power of the Soul, He can be called a [true]Khaalsaa.
- The dictionary meaning of 'Khaalsaa' is pure, noble, independent. (Bhai Veer Singh Kosh)

Therefore, a 'Khaalsaa' is devoted to God, liberated from the world and is immersed in the Name of God. This also indicates that his mind has no other thought than that of God. When such a situation exists, He will naturally keep away from ego, anger, lust, greed, delusion, criticism etc. Suddenly we realise how difficult it is to be a [true]Khaalsaa.

> S. Tarninder Singh, born on 18/03/1961, is MBA (Finance), BE and DME. He has worked with CRISIL, a financial consultants. At present he is helping his father in family business of printing. His intrests are in spritualism-Vedant Patanjali, Vivekananda, Zen, Guru Granth Sahib etc. He has written a book *'Jab Lag Khalsa Rahe Niyaara'*, with a focus on 'Who is a true Khaalsaa and how do we become one?'

As explained before, the state-of mind of a [true]Khaalsaa is the same as that of a [true]Gursikh, Sant, saadhu, Pandit, Brahmgiani and finally God. *This an important point.*

Consider the line: *'Khaalsaa mero roop hai khaas'* (Sarab Lohgranth). Does this imply only a physical similarity between Guru Gobind Singh ji and the Khaalsaa? If this is so, then no lady can ever hope to become a Khaalsaa. Obviously, this comparison is between the state-of mind of Guru Gobind Singhji and another person. When I honestly compare my impure mind with the purest mind of my Tenth Guru, suddenly I realise that I am no where close to being a Khaalsaa. Further, if only a physical similarity was intended, then all the earlier Sikh Gurus and Bhagats such as Kabir, Trilochan, Namdev etc. (who are revered in the Guru Granth Sahib) would not fit in the definition of Khaalsaa. But I am sure that, their state-of-mind, is that

★ B-304, Salvodar, Four Bunglows, Shastri Nagar, Andheri (West), Mumbai 400 053

of a [true]Khaalsaa.

*Congruence between a [true]Khaalsaa and God:*

1. *'Prabh meh, mo meh, taas meh, ranchak naahan bhev'* (Sarab Lohgranth; AK : 293). This clearly brings out the congruence between God, Guru Gobind Singhji and the [true]Saint/ [true]Khaalsaa. Honestly, very few of us can claim this level of equality/ congruence.

2. We can compare this with lines of Slok M:IX, 56 (GGS: 1429): *'Naam rahiyo, saadhu rahiyo, rahiyo gur gobind'*, implying the congruence between 'God, Naam, Saadhu and the Guru/ Preceptor'. This is possible because God manifests in His pure form as 'Naam, Saadhu and the Preceptor'. In this manifestation there is only God without combining with 'Maayaa" or the illusion creating force.

3. Guru Gobind Singhji sung the praise of 'Khaalsaa'. Since Guru Gobind Singhji was God-Incarnate, it is highly unlikely that, He would bow down to any normal *mortal* human-being. He would bow only to His equal. This implies that a [true]Khaalsaa is equivalent to God/ Guru Gubind Singhji.

4. It is likely that the 'Panj piyaare' were already enlightened when they offered their heads to Guru Gubind Singhji. The historic occasion only revealed their status. As per the Guru Granth Sahib, and as explained before, a [true]Warrior is an *enlightened* person as follows:

- *'Pehlaa maran kabuul, jeevan ki chhadd aas'* (GGS: 1102; AK : 301). Implying that first be prepared to give up your life, if you desire to get God's blessings.
- *'Jou tou prem khelan kaa chhao, sir dhar tali, gali meri aao. Et maarg pair dhareejae, sir deejae kaan na keejae'.* (GGS: 1412; AK : 301). Implying that in giving your life you are not doing a favour. If you really love God, be prepared to sacrifice your life.

5. Guru Gobind Singhji bowed to the 'Panj piyaare'. This is possible *only* if they were enlightened and were equivalent to God. But this does not mean that any five humans grouped together would have the *same spiritual status* as the 'Panj piyaare' selected by Guru Gobind Singhji.

6. Super-humans feats may confirm 'enlightenment: We can conclude that, apart from Sikh Gurus, the following may also have been enlightened, based on their super-human feats:

- Four sons of Guru Gobind Singhji, due to martyrdom.
- Guru Gobind Singhji's mother due to her martyrdom.
- *'[true/ original]Panj piyaare*, Chaali mukte', who were martyred in the war.
- Baabaa Deep Singhji, who carried his head on His palm, and walked till the golden Temple.
- Bandaa Bahaadur.
- Bhai Kanhaiyaa, who could actually *see God's face* in every human being in the battlefield.
- Many individual Sikhs, who could singly fight against 125,000 enemies.
- This is not meant to be an exhaustive list. Only God knows the true list of enlightened persons.

*Conclusion:*

1. 'Khaalsaa' philosophy implies a completely pure mind. All qualities of the Soul are revealed.
2. The state-of-mind of a [true]Khaalsaa = [true]Sikh = [true]Jeevan-mukt = Enlightened = God.
3. When viewed from our standards, a [true]Khaalsaa is a *super-normal* human.

# A FILM ON GURBANI KIRTAN

**Dr. Bhai Harbans Lal ★**

*B.S. Rattan reports from Hyderabad:* At every international film festival some such films also happen to be screened which are not official entries to the festival for various reasons - political, moral and technical. Some filmmakers do come out with their individual efforts, with no outward trappings. They make their own arrangements to show their films with an aim to know the view of the discerning viewers and critics who are imbued with an artistic learning and genuine love for art.

I had an opportunity of watching such a singular film, and that too in Punjabi, when its makers organised its premier. It is a documentary on Sikh *Kirtan* tradition made by S. Baldip Singh. Cinema is such an artistic medium that is based on trickery. It makes the impossible look possible and therefore credible. It is dangerous when done at the superficial level. But when this method is devoted to crystallising a proven, serious and human tradition, the result is miraculous and that can be seen in the unique language and manner of this film on *Gurbani* music.

Treating a religious and spiritual subject in a medium which has lewd associations, is in itself a big challenge. The faith and patience with which Baldev Singh has acquitted himself aplomb is nothing short of a miracle. While making this film, Baldev Singh subjected himself to two restrictions: *First*, a deep research of the true *Gurbani Kirtan*, and then filming only those ragis and subjects that go well with *Gurbani*. *Secondly*, keeping the speed and movement of the camera and pronunciation in consonance with the meaning of Gurbani. The result 70 minutes of that spiritual experience in which, within the limited canvas of the film, we have a glimpse of the infinite and inaccessible *Nirankar* (the Formless One).

When we see this film, we have a glimpse of some spiritual future. The film was sure to delight the Punjabi and *Gurbani* knowing viewers. The surprising thing was when even Western film critics and non-Punjabi film lovers were deeply moved and their eyes welled up with tears of spiritual love. All of them said they never knew that Punjabi, and the Sikhs, had such a pure and rich heritage of music. In this film, Bhai Avtar Singh, Bhai Balbir Singh, Bhai Amrik Singh Zakhmi, Bhai Harjit Singh and Bhai Gurdip Singh have given such aproof of immaculate pronunciation, firm grounding and competence in music that are beyond the bounds of language, radiating some heavenly experience. Moreover, *Gurbani* has emanated from the Primal One, and when it is sung in the 'ragas' prescribed by the Guru, there is no bond from which it cannot liberate the mortal. This is the query with which the film starts, and then, as it progresses, it becomes a living and vibrating answer to this vital question of perennial human interest. In this film, Bhai Gurcharan Singh, as a knowledgeable and enlightened Gursikh, has acted as a link among various sequences. Dr. Neki and Dr. Paintal, first themselves understood the singing techniques of the *ragi Singhs* and then offered comments in English. The English translation is so meticulous that it is like enclosing the sea in an earthern pitcher, so to say. Dilip Verma's cinematography, under Baldev Singh's direction, is something to be emulated by those filming *Gurbani* singing. Shikha Sen's editing too touches new heights of perfection. How did all this come to be achieved? The producer

★ 6415, Amicable Drive, Arlington, TX 76016, USA Ph.: 817 654 0844, Fax: 817 735 2091

of this film says that this miracle is the doing of the Guru. It is the outcome of a devout submitting to the Guru. It is an attempt at presentaing a handful from the ever-flowing torrent of a great tradition and then share it with fellow human beings. The more honest one's intentions are, the sweeter and true is the voice. Only he should sing praises of God who is drenched with His love. This is the body and soul of the film, its sum and substance. ☬

ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ
ਫੋਨ-772660

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

HOTEL AROMA COMPLEX

Himalaya Marg, Sector 22-C, Chandigarh 160 022
Phone : 700045-48 Fax : 0172-700051

*If you can't be a pine on the top of the hill,*
*Be a scrub in the valley -but be*
*The best little scrub by the side of the rill;*
*Be a bush, if you can't be a tree*
*If you can't be a bush, be a bit of the grass,*
*And some highway happier make;*
*If you can't be a muskie, then just be a bass*
*But the liveliest bass in the lake!*
*We can't all be captains, we've got to be crew,*
*There's something for all of us here.*
*There's big work to do and there's lesser to do*
*And the task we must do is the near.*
*If you can't be a highway, then just be a trail,*
*If you can't be the sun, be a star;*
*It isn't by size that you win or you fail*
*Be the best of whatever you are!*

With best compliments from
a wellwisher

# Anand Karaj

Sujan Singh ★

In Anand Karaj, *Lawan* is an important part of the ceremony. *Bani* of *Lawan* is from Guru Ram Das ji on page 773 of Adi Guru Granth Sahib. Guru ji was on Guru Gadi from 1574 to 1581, so it must have been recited during that period. At that time Anand Karaj system of marriage was not there. The marriage were done according to various Hindu customs; one was called *Vedian* which had four *Lawan*.

According to old saying the Anand Karaj marriage was introduced in the second half of the eighteenth century. When Anand Karaj marriage was started it was not popular. With the efforts of Chief Khalsa Diwan the Anand Karaj Marriage Act was passed in 1909 and from that time all Sikh marriages are Anand Karaj.

In Anand Karaj certain changes have crept which are not correct. Usually marriages take place before some authority and there are some witness and the couple takes up a vow. It may be in Church, in Court, etc., similarly in Anand Karaj the authority is Guru Granth Sahib and witness is *Sangat* and the couple who gets married takes a vow.

In Anand Karaj the couple is made to sit before Guru Granth Sahib. On behalf of Guru ji the Granthi or any one else gives *Siksha* to the couple which I give below briefly:

1. The couple is told that their Guru is Granth Sahib.
2. They have to take *Amrit* if not already done so.
3. The boy is told that he has to follow *Istri Barat* and has to be true to his wife.
4. The girl is told that she has to follow *Pati Barat* and has to be true to her husband.
5. The couple is told that from that day they both are *Ek Jot Do Murti.* That Physically both are two but spiritually both are one.

The couple is told that if they accept this they should bow down before Guru Granth Sahib. If they do so they have taken a vow and in reality marriage contract is concluded. But in Anand Karaj the couple has to express their gratitude to Guru ji for the marriage and to do that the couple and their parents stand up and *Ardas* is performed to have Guru ji's blessing. *Sangat* being witness do not stand up for the couple's *Ardas*, they keep sitting. After *Ardas, Hukum* is taken as usual and then *Lawan* start.

As the couple has become one spiritually they hold a *Palla* together and go round Guru Granth Sahib. The Palla is presented by boy's father and girl's father makes the couple hold it. After each round the couple pay their obeisance to Guru ji. In each Lawan Guru ji gives Sermon appropriate for the occasion.

All along Anand Karaj was done as mentioned above.

Now a days, I find that in many cases the Granthi makes the couple sit before Granth Sahib and makes them perform four *Lawan* and says that marriage is done. This is not correct and marriage is not complete if the couple has not taken a vow as mentioned above.

★ 67, Kailash Aptt., Lala Lajpat Rai Marg, New Delhi - 110 048

# Music: Soothing Balm For Stressed-out Body

Scientific studies in the US have proved that plants responds positively to music. Music played in the operation theatre during surgery has also been found to hasten the patient's healing process. And our own ancient texts talk about the power of different ragas to bring about rain or even light lamps.

Prof. Debu Choudhary, Dean, Delhi University, more commonly known as the sitar maestro, today spoke about the importance of music. "Music plays an important role in not only the physical and mental well being of an individual, but also nourishes his spiritual health," he said.

Comparing the human body to the veena; he said that as an out of tune veena would not respond harmoniously, a stressed human body constantly subjected to misuse, would lead to a breakdown.

However, music can help in restoring equanimity and harmony to stressed-out humans. Dr. K K Aggarwal, vice president of the Heart Care Foundation of India and the host for the Perfect Health Mela, added, "Sounds can have a healing effect. The 'na' sound, when repeated, creates vibrations near the ear and is believed to be the healer for the ear. The 'ma' sound vibrates the bones of the face and can heal sinus problems. The 'ka' and 'kha' sounds are associated with the vocal chord and the omnipresent 'Om' increases intelligence."

He also explained why we cry when we are in pain. "The vowel sounds we make when we cry in pain - aa, oo - stimulate the delta activity in the brain and this has a potential calming effect. Weeping actually works as a stress reliever," he said.

But both Dr. Aggarwal and Prof. Choudhary warned of the ill effects of "bad music" "Just as good music gives good health, as a positive impact on the human physiology and helps relax or invigorate, bad music creates bad vibes, headaches, tension and general irritability," they said.

"The seven swaras create harmony when enunciated in order. When out of place, they create the opposite effect. A simple example can he taken from the arrangement of the alphabet. The alphabets g, o, d, spelled in order make God, but when reversed, they spell Dog, "Prof. Choudhary said.

(*Courtesy* : The Hindustan Times)

**ਗੁਰਮੁਖ ਢੂਢ ਢੂਢੇਦਿਆਂ ( Free Matrimonial Service )**

SUITABLE match (India/abroad) for beautiful Jat Sikh girl (25, 5'-5"), M.A. (Biochemistry), through out First Class, topper, U.G.C. cleared and completing Ph. D. *Box: 098*

***Contact :*** **Sardar Harbhajan Singh, # 1246, Sector : 22 B, Chandigarh**

ਬਿਨ ਸੇਵਾ ਧ੍ਰਿਗ ਹਥ ਪੈਰ ॥

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ

PHONES : 701238, 713915, 701396

HELP NEEDY

HELP NEEDY

IN THE SERVICE OF HUMANITY

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਬਸੰਤ ਮਹਲਾ ੫॥ | Basant 5th Guru. | ਬਸੰਤ ਪੰਜਵੀਂ ਪਾਤਸ਼ਾਹੀ। |
|---|---|---|
| ਤੁਮ ਬਡਦਾਤੇ ਦੇ ਰਹੇ॥ | Thou, O great Beneficent Lord, art making gifts. | ਤੂੰ, ਹੇ ਵਡੇ ਦਾਤਾਰ ਪ੍ਰਭੂ! ਦਾਤਾਂ ਦੇ ਰਿਹਾ ਹੈਂ। |
| ਜੀਅ ਪ੍ਰਾਣ ਮਹਿ ਰਵਿ ਰਹੇ॥ | Thou art contained in my soul and life-breath. | ਤੂੰ ਮੇਰੀ ਜਿੰਦੜੀ ਤੇ ਜਿੰਦ-ਜਾਨ ਅੰਦਰ ਰਮ ਰਿਹਾ ਹੈਂ। |
| ਦੀਨੇ ਸਗਲੇ ਭੋਜਨ ਖਾਨ॥ | Thou hast given me all the diets and dainties. | ਤੂੰ ਮੈਨੂੰ ਸਾਰੇ ਖਾਣੇ ਅਤੇ ਨਿਆਮਤਾਂ ਬਖ਼ਸ਼ੀਆਂ ਹਨ। |
| ਮੋਹਿ ਨਿਰਗੁਨ ਇਕੁ ਗੁਨੁ ਨ ਜਾਨ॥੧॥ | I, the ungrateful one, have not valued even one goodness of Thine. | ਮੈ, ਨਾਸ਼ੁਕਰੇ ਨੇ ਤੇਰੇ ਇੱਕ ਉਪਕਾਰ ਦੀ ਕਦਰ ਨਹੀਂ ਪਾਈ। |
| ਹਉ ਕਛੂ ਨ ਜਾਨਉ ਤੇਰੀ ਸਾਰ॥ | I realise not even a bit, Thy worth, O Lord. | ਤੇਰੀ ਕਦਰ ਨੂੰ, ਹੇ ਪ੍ਰਭੂ! ਮੈਂ ਭੋਰਾ ਭੋਰ ਭੀ ਅਨੁਭਵ ਨਹੀਂ ਕਰਦਾ। |
| ਤੂ ਕਰਿ ਗਤਿ ਮੇਰੀ ਪ੍ਰਭ ਦਇਆਰ॥੧॥ | Emancipate Thou me, O my merciful Master. | ਤੂੰ ਮੇਰੀ ਕਲਿਆਨ ਕਰ, ਹੇ ਮੇਰੇ ਮਿਹਰਬਾਨ ਮਾਲਕ! |
| ਰਹਾਉ | Pause. | ਠਹਿਰਾਉ। |
| ਜਾਪ ਨ ਤਾਪ ਕਰਮ ਕੀਤਿ॥ | I have practised not meditation, arduous service and good deeds. | ਮੈਂ ਸਿਮਰਨ, ਕਰੜੀ ਘਾਲ ਅਤੇ ਚੰਗੇ ਅਮਲਾਂ ਦੀ ਕਮਾਈ ਨਹੀਂ ਕੀਤੀ। |
| ਆਵੈ ਨਾਹੀ ਕਛੂ ਰੀਤਿ॥ | I know not the way to meet with Thee. | ਮੈਨੂੰ ਤੇਰੇ ਨਾਲ ਮਿਲਣ ਦਾ ਮਾਰਗ ਨਹੀਂ ਆਉਂਦਾ। |
| ਮਨ ਮਹਿ ਰਾਖਉ ਆਸ ਏਕ॥ | Within my mind, I have enshrined the hope in the Lord alone. | ਆਪਣੇ ਰਿਦੇ ਅੰਦਰ ਮੈਂ ਕੇਵਲ ਸੁਆਮੀ ਦੀ ਉਮੈਦ ਹੀ ਧਾਰਨ ਕੀਤੀ ਹੋਈ ਹੈ। |
| ਨਾਮ ਤੇਰੇ ਕੀ ਤਰਉ ਟੇਕ॥੨॥ | I shall be delivered through the support of Thy Name. | ਤੇਰੇ ਨਾਮ ਦੇ ਆਸਰੇ ਰਾਹੀਂ ਮੇਰਾ ਪਾਰ ਉਤਾਰਾ ਹੋਵੇਗਾ। |
| ਸਰਬ ਕਲਾ ਪ੍ਰਭ ਤੁਮ ਪ੍ਰਬੀਨ॥ | Thou art conversant with all art, O Lord. | ਤੂੰ ਸਾਰਿਆਂ ਹੁਨਰਾਂ ਦਾ ਮਾਹਰ ਹੈਂ, ਹੇ ਸਾਹਿਬ! |
| ਅੰਤੁ ਨ ਪਾਵਹਿ ਜਲਹਿ ਮੀਨ॥ | I am like a fish, which can find not the limit of water. | ਮੈਂ ਮੱਛੀ ਦੀ ਮਾਨੰਦ ਹਾਂ, ਜੋ ਪਾਣੀ ਦੇ ਓੜਕ ਨੂੰ ਨਹੀਂ ਪਾ ਸਕਦੀ। |
| ਅਗਮ ਅਗਮ ਊਚਰ ਤੇ ਊਚ॥ | Thou, O Lord, art Unfathomable, Inaccessible and the highest of high. | ਤੂੰ, ਹੇ ਪ੍ਰਭੂ! ਬੇਥਾਹ, ਪਹੁੰਚ ਤੋਂ ਪਰੇ ਅਤੇ ਬੁਲੰਦਾਂ ਦਾ ਪਰਮ ਬੁਲੰਦ ਹੈਂ। |
| ਹਮ ਥੋਰੇ ਤੁਮ ਬਹੁਤ ਮੂਚ॥੩॥ | I am small and Thou art very great. | ਮੈਂ ਛੋਟਾ ਹਾਂ ਅਤੇ ਤੂੰ ਨਿਹਾਇਤ ਹੀ ਵੱਡਾ ਹੈਂ। |
| ਜਿਨ ਤੂ ਧਿਆਇਆ ਸੇ ਗਨੀ॥ | Wealthy are they, who meditate on Thee. | ਅਮੀਰ ਹਨ ਉਹ, ਜੋ ਤੈਂਡਾ ਸਿਮਰਨ ਕਰਦੇ ਹਨ। |
| ਜਿਨ ਤੂ ਪਾਇਆ ਸੇ ਧਨੀ॥ | They who attain unto Thee; they alone are the men of fortune. | ਜੋ ਤੈਨੂੰ ਪਰਾਪਤ ਹੋਏ ਹਨ; ਕੇਵਲ ਉਹ ਹੀ ਧਨਾਢ ਹਨ। |
| ਜਿਨਿ ਤੂ ਸੇਵਿਆ ਸੁਖੀ ਸੇ॥ | They alone are in peace, who serve Thee. | ਕੇਵਲ ਉਹ ਹੀ ਆਰਾਮ ਵਿੱਚ ਹਨ, ਜੋ ਤੇਰੀ ਚਾਕਰੀ ਕਰਦੇ ਹਨ। |
| ਸੰਤ ਸਰਣਿ ਨਾਨਕ ਪਰੇ॥੪॥੭॥ | Nanak has sought the saints' refuge. | ਨਾਨਕ ਨੇ ਸਾਧੂਆਂ ਦੀ ਪਨਾਹ ਲਈ ਹੈ। |

| ਮਹਲਾ ੧ ਬਸੰਤ॥ | 1st Guru Basant. | ਪਹਿਲੀ ਪਾਤਸ਼ਾਹੀ ਬਸੰਤ। |
| --- | --- | --- |
| ਰੁਤਿ ਆਈ ਲੇ ਸਰਸ ਬਸੰਤ ਮਾਹਿ॥ | The months of the delightful spring season have come. | ਅਨੰਦ-ਦਾਇਕ ਮੌਸਮ ਬਹਾਰ ਦੇ ਮਹੀਨੇ ਆ ਗਏ ਹਨ। |
| ਰੰਗਿ ਰਾਤੇ ਰਵਹਿ ਸਿ ਤੇਰੈ ਚਾਇ॥ | They, who are imbued with Thy love, O Lord, utter Thine Name with joy. | ਜੋ ਤੇਰੀ ਪ੍ਰੀਤ ਨਾਲ ਰੰਗੀਜੇ ਹਨ, ਹੇ ਪ੍ਰਭੂ! ਉਹ ਖੁਸ਼ੀ ਨਾਲ ਤੇਰੇ ਨਾਮ ਦਾ ਉਚਾਰਨ ਕਰਦੇ ਹਨ। |
| ਕਿਸੁ ਪੂਜ ਚੜਾਵਉ ਲਗਉ ਪਾਇ॥੧॥ | Without Thee, whom else should I worship, and at whose feet should I fall? | ਤੇਰੇ ਬਗੈਰ, ਮੈਂ ਹੋਰ ਕਿਸ ਦੀ ਉਪਾਸ਼ਨਾ ਕਰਾਂ, ਅਤੇ ਕੀਹਦੇ ਪੈਰੀਂ ਪਵਾਂ? |
| ਤੇਰਾ ਦਾਸਨਿ ਦਾਸਾ ਕਹਉ ਰਾਇ॥ | My king, I am said to be the slave of Thine slaves. | ਮੇਰੇ ਪਾਤਸ਼ਾਹ! ਮੈਂ ਤੇਰੇ ਗੋਲਿਆਂ ਦਾ ਗੋਲਾ ਆਖਿਆ ਜਾਂਦਾ ਹਾਂ। |
| ਜਗ ਜੀਵਨ ਜੁਗਤਿ ਨ ਮਿਲੈ ਕਾਇ॥੧॥ | O my Master, the Life of the world, Thou art not met with by any other device. | ਹੇ ਜਗਤ ਦੀ ਜਿੰਦ-ਜਾਨ ਮੇਰੇ ਮਾਲਕ! ਤੂੰ ਹੋਰ ਕਿਸੇ ਢੰਗ ਨਾਲ ਨਹੀਂ ਮਿਲਦਾ। |
| ਰਹਾਉ | Pause. | ਠਹਿਰਾਉ। |
| ਤੇਰੀ ਮੂਰਤਿ ਏਕਾ ਬਹੁਤੁ ਰੂਪੁ॥ | Thou hast one personality, but many forms. | ਤੇਰੀ ਇੱਕ ਵਿਅਕਤੀ ਹੈ, ਪ੍ਰੰਤੂ ਘਣੇਰੇ ਸਰੂਪ। |
| ਕਿਸੁ ਪੂਜ ਚੜਾਵਉ ਦੇਉ ਧੂਪ॥ | Which of Thine forms should I worship, and burn incense before. | ਤੇਰੇ ਸਰੂਪਾਂ ਵਿਚੋਂ ਮੈਂ ਕੀਹਦੀ ਉਪਾਸ਼ਨਾ ਕਰਾਂ ਅਤੇ ਕੀਹਦੇ ਮੂਹਰੇ ਹੋਮ ਸਮਗਰੀ ਧੁਖਾਵਾਂ! |
| ਤੇਰਾ ਅੰਤੁ ਨ ਪਾਇਆ ਕਹਾ ਪਾਇ॥ | No one has found Thine limit, O Lord. How can any one find it? | ਕਿਸੇ ਨੂੰ ਭੀ ਤੇਰੇ ਓੜਕ ਦਾ ਪਤਾ ਨਹੀਂ ਲੱਗਾ। ਕੋਈ ਜਣਾ ਕਿਸ ਤਰ੍ਹਾਂ ਇਸ ਨੂੰ ਪਾ ਸਕਦਾ ਹੈ? |
| ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥ | I call my self the servant of Thine servants, O my Sovereign. | ਮੈਂ ਆਪਣੇ ਆਪ ਨੂੰ ਤੇਰਿਆਂ ਨੌਕਰਾਂ ਦਾ ਨੌਕਰ ਆਖਦਾ ਹਾਂ, ਹੇ ਮੇਰੇ ਸੁਲਤਾਨ! |
| ਤੇਰੇ ਸਠਿ ਸੰਬਤ ਸਭਿ ਤੀਰਥਾ॥ | (All) of (sixty) years and all the pilgrim stations are made by Thee. | (ਸਮੂਹ) ਜਾਂ (ਸੱਠ) ਸਾਲ ਅਤੇ ਸਾਰੇ ਧਰਮ ਅਸਥਾਨ ਤੈਂ ਹੀ ਰਚੇ ਹਨ। |
| ਤੇਰਾ ਸਚੁ ਨਾਮੁ ਪਰਮੇਸਰਾ॥ | True is Thy Name, O Supreme Lord. | ਸੱਚਾ ਹੈ ਤੈਂਡਾ ਨਾਮ, ਹੇ ਸ਼੍ਰੋਮਣੀ ਸਾਹਿਬ! |
| ਤੇਰੀ ਗਤਿ ਅਵਿਗਤਿ ਨਹੀ ਜਾਣੀਐ॥ | O Eternal Lord, Thy state can be known not. | ਹੇ ਅਮਰ ਪ੍ਰਭੂ! ਤੇਰੀ ਅਵਸਥਾ ਜਾਣੀ ਨਹੀਂ ਜਾ ਸਕਦੀ। |
| ਅਣਜਾਣਤ ਨਾਮੁ ਵਖਾਣੀਐ॥੩॥ | Even though man knows Thee not, still he ought to utter Thy Name, O Lord. | ਭਾਵੇਂ ਇਨਸਾਨ ਤੈਨੂੰ ਜਾਣਦਾ ਨਹੀਂ, ਤਾਂ ਭੀ ਉਸ ਨੂੰ ਤੇਰੇ ਨਾਮ ਦਾ ਉਚਾਰਨ ਕਰਨਾ ਉਚਿਤ ਹੈ, ਹੇ ਪ੍ਰਭੂ! |
| ਨਾਨਕੁ ਵੇਚਾਰਾ ਕਿਆ ਕਰੈ॥ | What can poor Nanak do? | ਗਰੀਬੜਾ ਨਾਨਕ ਕੀ ਕਰ ਸਕਦਾ ਹੈ? |
| ਸਭੁ ਲੋਕੁ ਸਲਾਹੇ ਏਕਸੈ॥ | All the men praise but the One Lord. | ਸਾਰੇ ਜੀਵ ਕੇਵਲ ਇੱਕ ਸੁਆਮੀ ਦੀ ਹੀ ਸਿਫਤਾਂ ਕਰਦੇ ਹਨ। |
| ਸਿਰੁ ਨਾਨਕ ਲੋਕਾ ਪਾਵ ਹੈ॥ | Nanak places his head on the feet of such persons. | ਨਾਨਕ ਐਹੋ ਜਿਹੇ ਪੁਰਸ਼ਾਂ ਦੇ ਪੈਰਾਂ ਤੇ ਆਪਣਾ ਸੀਸ ਰੱਖਦਾ ਹੈ। |
| ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥੪॥੨॥ | I am a sacrifice unto Thine Names, as many as they are, O Lord. | ਮੈਂ ਜਿੰਨੇ ਭੀ ਤੇਰੇ ਨਾਮ ਹਨ, ਉਨ੍ਹਾਂ ਉੱਤੇ ਕੁਰਬਾਨ ਵੰਞਦਾ ਹਾਂ, ਹੇ ਸੁਆਮੀ! |

# ਸੁਰ ਲਿਪੀਆਂ

## ਪ੍ਰੋ. ਕਰਤਾਰ ਸਿੰਘ

### ਰਾਗ ਬਸੰਤ

ਆਦਿ ਕਾਲ ਤੋਂ ਹੀ ਪ੍ਰਕ੍ਰਿਤੀ ਨਾਲ, ਮਨੁੱਖ ਦਾ ਅਟੁੱਟ ਸਬੰਧ ਹੋਣ ਕਾਰਨ ਕੁਦਰਤ ਦੀਆਂ ਰੰਗੀਨੀਆਂ ਮਨੁੱਖ ਨੂੰ ਖੇੜਾ ਪ੍ਰਦਾਨ ਕਰਦੀਆਂ ਹਨ। ਮਾਨਵ ਸੰਸਕ੍ਰਿਤੀ ਦੇ ਵਿਕਾਸ ਵਿੱਚ ਮਾਹ ਥਿਤ, ਵਾਰ ਅਤੇ ਰੁੱਤ ਦਾ ਬੜਾ ਮਹੱਤਵਪੂਰਣ ਸਥਾਨ ਰਿਹਾ ਹੈ। ਭਾਰਤ ਦੀ ਪ੍ਰਕ੍ਰਿਤੀ ਸਥਿਤੀ ਅਨੁਸਾਰ ਜੇਠ-ਹਾੜ ਵਿੱਚ ਥਲ ਅਤੇ ਅਕਾਸ਼ ਦਾ ਤਪਣਾ, ਸਾਵਣ-ਭਾਦੋਂ ਵਿੱਚ ਬੱਦਲਾਂ ਦਾ ਗਰਜਣਾ, ਰਿਮਝਿਮ ਕਰਕੇ ਮੀਹ ਦਾ ਵਰਸਣਾ, ਚੇਤ-ਵਿਸਾਖ ਵਿੱਚ ਬਸੰਤ ਰੁੱਤੇ ਧਰਤੀ ਅਤੇ ਅਕਾਸ਼ ਦਾ ਮੌਲਣਾ- ਇਹ ਸਭ ਮਨੁੱਖ ਨੂੰ ਕਾਦਰ ਦੀ ਯਾਦ ਵਿੱਚ ਜੋੜਦੇ ਹਨ।

ਬਸੰਤ ਨੂੰ ਸਭ ਤੋਂ ਸ੍ਰੇਸ਼ਟ ਰੁੱਤ ਸਵੀਕਾਰਦਿਆਂ ਇਸ ਨੂੰ 'ਰਿਤੂ ਰਾਜ' ਕਿਹਾ ਜਾਂਦਾ ਹੈ। ਜਿੱਥੇ ਬਸੰਤ ਵਿੱਚ ਚਾਰੇ ਪਾਸੇ ਖੇੜਾ ਮਿਲਦਾ ਹੈ ਉੱਥੇ ਬਸੰਤ ਰਾਗ ਗਾਇਆ ਮਨ ਨੂੰ ਖੇੜਾ ਮਿਲਦਾ ਹੈ। ਕਬੀਰ ਜੀ ਫੁਰਮਾਉਂਦੇ ਹਨ *"ਮਉਲੀ ਧਰਤੀ ਮਉਲਿਆ ਆਕਾਸ॥ ਘਟਿ ਘਟਿ ਮਉਲਿਆ ਆਤਮ ਪਰਗਾਸ॥"* ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ: *"ਬਨਸਪਤਿ ਮਉਲੀ ਚੜਿਆ ਬਸੰਤ॥"* ਬਸੰਤ ਦੇ ਦਿਨਾਂ ਵਿੱਚ ਭਾਵ ਮਾਘੀ ਤੋਂ ਹੀ ਹਰ ਦੀਵਾਨ ਵਿੱਚ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਬਸੰਤ ਕੀ ਵਾਰ ਦਾ ਕੀਰਤਨ ਹੁੰਦਾ ਹੈ। ਹੋਲੇ-ਮਹੁੱਲੇ ਤੱਕ ਵਾਰ ਪੜ੍ਹੀ ਜਾਂਦੀ ਹੈ। ਕਹਿੰਦੇ ਹਨ ਜਿਸ ਬਸੰਤ ਕੀ ਵਾਰ ਗਾ ਲਈ ਉਹ ਸਦਾ ਉਮਾਹ ਵਿੱਚ ਰਹਿੰਦਾ ਹੈ। ਉਸ ਦਾ ਮਰਦਊਪੁਣਾ ਕਦੇ ਨਹੀਂ ਜਾਂਦਾ।

ਇਸ ਰਾਗ ਦਾ ਉਹੀ ਸਰੂਪ ਨਿਸ਼ਚਿਤ ਕੀਤਾ ਗਿਆ ਹੈ; ਜੋ ਸ੍ਰੀ ਹਰਿਮੰਦਰ ਸਾਹਿਬ ਵਿੱਚ ਗਾਇਆ ਜਾਂਦਾ ਰਿਹਾ ਹੈ ਅਤੇ ਸਿਆਣੇ ਕੀਰਤਨਕਾਰ ਹੁਣ ਵੀ ਗਾਂਦੇ ਹਨ।

ਆਰੋਹ : ਸ ਗ ਮ ਪ ਨੀ ਸਂ। ਅਵਰੋਹ : ਸਂ ਨੀ ਧ ਪ ਮ, ਗ ਰੇ ਸ। ਥਾਟ : ਬਿਲਾਵਲ
ਸੁਰ : ਸਾਰੇ ਸ਼ੁੱਧ, ਅਰੋਹ ਵਿੱਚ ਰਿਸ਼ਭ ਅਤੇ ਪੰਚਮ ਵਰਜਿਤ। ਜਾਤੀ : ਔੜਵ-ਸੰਪੂਰਨ
ਮੁੱਖ ਅੰਗ : ਗ ਮ ਧ ਨੀ ਸਂ, ਸਂ ਨੀ ਧ ਪ ਮ,.ਗ, ਰੇ ਸ। ਵਾਦੀ : ਸ਼ੜਜ ਸੰਵਾਦੀ : ਮਧਿਅਮ
ਸੁਰ ਵਿਸਥਾਰ : ੧ ਸ, ਗ ਮ, ਮ ਪ ਮ, ਗ ਰੇ ਸ, ਧ਼ ਨ਼ੀ ਸ, ਨ਼ੀ ਧ਼ ਨ਼ੀ ਧ਼ ਪ਼ ਮ਼, ਮ਼ ਪ਼ ਮ਼, ਮ਼ ਧ਼ ਨ਼ੀ ਸ, ਸ ਗ ਮ, ਮ ਪ ਮ, ਧ ਪ ਮ, ਮ ਪ ਮ, ਗ ਰੇ ਸ।
੨ ਸ ਗ ਮ, ਮ ਪ ਧ ਪ ਮ, ਧ ਨੀ ਧ ਪ ਮ, ਮ ਧ ਨੀ ਸਂ, ਧ ਨੀ ਸਂ ਰਂ ਸਂ, ਸਂ ਗਂ ਮਂ, ਗਂ ਰੇਂ ਸਂ, ਸਂ ਰੇਂ ਸਂ, ਨੀ ਧ ਨੀ ਧ ਪ ਮ, ਸਂ ਨੀ ਧ ਪ ਮ, ਮ ਪ ਮ, ਗ ਰੇ ਸ।
ਸਮਾਂ : ਦਿਨ ਦਾ ਦੂਜਾ ਪਹਿਰ (ਬਸੰਤ ਰੁੱਤ ਵਿੱਚ ਕਿਸੇ ਸਮੇਂ ਵੀ ਗਾਇਆ ਵਜਾਇਆ ਜਾ ਸਕਦਾ ਹੈ।)

ਝਪਤਾਲ

| X | | 2 | | | 0 | | 3 | | |
|---|---|---|---|---|---|---|---|---|---|
| ਸਥਾਈ | | | | | | | | | |
| ਮਮ | ਮਮ | ਧਮ | -ਮ | ਮਮ | ਧ | ਨੀ | ਨੀਧ | ਪ | ਮ |
| ਹਉ | ਕਛੂ | ਨs | sਜਾ | ਨਉ | ਤੇ | ਰੀ | ਸਾs | s | ਰ |
| ਮ | ਧਧ | ਨੀਨੀ | -ਸਂ | -ਸਂ | - | ਨੀਧਧਮ | ਨੀ | ਧਧ | ਮ |
| ਤੂ | ਕਰਿ | ਗਤਿ | sਮੈ | sਰੀ | s | ਪ੍ਰਭਦਇ | ਆ | ss | ਰ |
| ਅੰਤਰਾ | | | | | | | | | |
| ਮਮ | ਮਮ | ਨੀਧ | -ਨੀ | ਧਨੀ | ਸਂ | -ਨੀ | ਸਂ | - | - |
| ਤੁਮ | ਬਡ | ਦਾs | sਤੇ | ss | ਦੇ | sਰ | ਹੇ | s | s |
| ਸਂਨੀ | ਧਨੀ | -ਨੀ | -ਨੀ | -ਸਂ | -ਨੀ | ਧਧ | ਨੀਧ | ਧਧ | ਮ |
| ਜੀਅ | sਧ੍ਰਾ | sਣ | sਮ | sਹਿ | sਰ | ਵਿਰ | ਹੇs | s | ss |

"ਦੀਨੇ ਸਗਲੇ ਭੋਜਨ ਖਾਨ, ਮੋਹਿ ਨਿਰਗੁਨ ਇਕੁ ਗੁਨੁ ਨ ਜਾਨ" ਉਪਰੋਕਤ ਅੰਤਰੇ ਅਨੁਸਾਰ।

# ਭਾਈ ਸੁਬੇਗ ਸਿੰਘ

## ਰਾਗ ਬਸੰਤ ਤਾਲ ਤਿੰਨ ਤਾਲ

ਆਰੋਹ: ਸ ਗ ਮੇ ਧੁ ਰੁੇਂ ਸਂ। ਅਵਰੋਹ: ਸਂ ਰੁੇਂ ਨੀ ਧੁ ਪ ਮੇਗ ਮ- ਗ ਮੇਧੁ - ਮੇਗ ਰੁੇਸ। ਜਾਤੀ: ਔੜਵ ਸੰਪੂਰਨ। ਪਕੜ: ਸਂ ਨੀ ਧੁ (ਪ-) ਮੇਗ ਮ- ਗ ਰੁੇ ਸ। ਸੁਰ: ਰੇ ਧੁ ਕੋਮਲ ਦੋਵੇਂ ਮ। ਥਾਟ: ਪੂਰਬੀ ਵਾਦੀ: ਸ ਸੰਵਾਦੀ: ਮ ਵਰਜਿਤ ਸੁਰ : ਆਰੋਹ ਵਿੱਚ ਪ ਤੇ ਨੀ ਵਰਜਿਤ ਹੈ। ਗਾਇਨ ਸਮਾਂ : ਬਸੰਤ ਰੁੱਤ ਵਿੱਚ ਹਰ ਸਮੇ।

| 0 | | | | 3 | | | | X | | | | 2 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | | | | | | ਮੇ | ਧੁ |
| | | | | | | | | | | | | | | ਰੁ | ਤਿ |
| ਸਂ | ਸਂ | ਨੀ | ਧੁ | ਪ | ਪ | ਮੇ | ਗ | ਮੇ | ਧੁ | ਨੀ | ਸਂ | ਰੁੇਂ | ਸਂ, | ਮੇ | ਧੁ |
| ਆ | ऽ | ਈ | ਲੇ | ਸ | ਰ | ਸ | ਬ | ਸੰ | ऽ | ਤ | ਮਾ | ਹਿ | ऽ, | ਰੈ | ਗਿ |
| ਸਂ | ਸਂ | ਨੀ | ਧੁ | (ਪ) | - | ਮੇ | ਗ | ਮੇ | - | ਗ | ਰੁੇ | ਸ | ਸ, | ਸ | ਸ |
| ਰਾ | ऽ | ਤੇ | ਰ | ਵਹਿ | ऽ | ਸਿ | ऽ | ਤੇ | ऽ | ਰੈ | ਚਾ | ਇ | ऽ, | ਕਿ | ਸ |
| ਮ | ਮ | ਮ | ਮ | ਮਮੇ | ਮਮੇ | ਮ | ਗ | ਮੇ | ਧੁ | ਨੀ | ਸਂ | ਰੁੇਂ | ਸਂ, | ਮੇ | ਧੁ |
| ਪੂ | ऽ | ਜ | ਚ | ੜ੍ਹਾऽ | ऽऽ | ਵਉ | ऽ | ਲ | ਗਉ | ऽ | ਪਾ | ਇ | ऽ, | ਰੁ | ਤਿ |
| *ਅੰਤਰਾ* | | | | | | | | | | | | | | ਪ | ਪ |
| | | | | | | | | | | | | | | ਠੇ | ਗਾ |
| ਮੇ | - | ਗ | - | ਮੇ | - | ਧੁ | ਮੇਧੁ | ਸਂ | - | ਸਂ | - | ਸਂ | ਰੇਂ, | ਸਂ | ਸਂ |
| ਦਾ | ऽ | ਸ | ਨਿ | ਦਾ | ऽ | ਸਾ | ऽऽ | ਕ | ਹਉ | ऽ | ਰਾ | ਇ | ऽ, | ਜ | ਗ |
| ਸਂ | ਗਂ | - | ਮੇਂ | ਗਂ | ਰੁੇਂ | ਸਂ | ਸਂ | ਸਂ | ਸਂ | ਨੀ | ਧੁ | ਨੀ | ਧੁ, | ਮੇ | ਧੁ |
| ਜੀ | ऽ | ਵ | ਨ | ਜੁ | ਗ | ਤਿ | ਨ | ਮਿ | ਲੈ | ऽ | ਕਾ | ਇ | ऽ | ਰੁ | ਤਿ |

| | | | | | | | | | |
|---|---|---|---|---|---|---|---|---|---|
| ਤਾਨਾਂ | 1. | ਨ਼ੀਰੁੇ | ਗਮੇ | ਧੁਨੀ | ਸਂਨੀ | ਧੁਪ | ਮੇਗ | ਮੇਗ | ਰੁੇਸ॥ |
| | 2. | ਮੇਮੇ | ਗਮੇ | ਗਰੁੇ | ਸ- | ਨ਼ੀਰੁੇ | ਗਮੇ | ਧੁਨੀ | ਸਂ-॥ |
| | 3. | ਸਂਨੀ | ਧੁਪ | ਮੇਗ | ਰੇਸ | ਨੀਰੁੇ | ਗਮੇ | ਧੁਨੀ | ਸਂ-॥ |
| | 4. | ਮੇਮੇ | ਗਰੁੇ | ਸ- | ਨ਼ੀਰੁੇ | ਗਮੇ | ਧੁਨੀ | ਸਰੁੇਂ | ਸਂਨੀ |
| | | ਧੁਪ | ਮੇਗ | (ਨੀਨੀ | ਧੁਪ | ਮੇਗ | ਰੁੇਸ) ਤਿੰਨ ਵਾਰ ਲਾਉਣੀ ਹੈ॥ | | |
| | 5. | ਸਂਨੀ | ਧੁਪ | ਮੇਗ | ਰੁੇਸ | ਨ਼ੀਰੁੇ | ਗਰੁੇ | ਗਮੇ | ਗਮੇ |
| | | ਧੁਮੇ | ਧੁਨੀ | ਧੁਨੀ | ਸਂਨੀ | ਸਰੁੇਂ | ਸਰੁੇਂ | ਗਰੁੇਂ | ਸਂਨੀ |
| | | ਧੁਪ- | ਮੇਗ | ਰੁੇਸ | ਨ਼ੀਰੁੇ | ਗਮੇ | ਧੁਪ | ਧੁਨੀ | ਸ-॥ |
| | 6. | ਮੇਗ | ਮੇਗ | ਰੁੇਸ | ਪਪ | ਮੇਗ | ਮੇਗ | ਰੁੇਸ | ਮੇਧੁ |
| | | ਪਪ | ਮੇਗ | ਮੇਗ | ਰੁੇਸ | ਨੀਨੀ | ਧੁਪ | ਮੇਗ | ਮੇਗ |
| | | ਰੇਸ | ਸਰੁੇਂ | ਸਂਨੀ | ਧੁਪ | ਧੁਪ | ਮੇਗ | ਮੇਗ | ਰੁੇਸ |
| | | ਨੀਰੁੇਂ | ਗਰੁੇਂ | ਸਂਨੀ | ਧੁਪ | ਮੇਗ | ਮੇਗ | ਰੁੇਸ | ਮੇਂਗਂ |
| | | ਮੇਗਂ | ਰੇਂਸਂ | ਨੀਨੀ | ਧੁਪ | ਮੇਗ | ਮੇਗ | ਰੁੇਸ | ਨ਼ੀਰੁੇ |
| | | ਗਰੁੇ | ਗਮੇ | ਗਮੇ | ਧੁਮੇ | ਧੁਨੀ | ਧੁਨੀ | ਰੁੇਂਨੀ | ਰੁੇਂਸਂ |
| | | ਮੇਂਗਂ | ਰੁੇਂਸਂ | ਨੀਨੀ | ਧੁਪ | ਮੇਗ | ਮੇਗ | ਰੁੇਸ | ਸ-॥ |

# ਓਮ

## ਸੋਹਿੰਦਰ ਸਿੰਘ ਵਣਜਾਰਾ ਬੇਦੀ

ਹਿੰਦੂਆਂ ਦੀ ਇੱਕ ਰਹੱਸਮਈ ਪਾਵਨ ਧੁਨੀ। ਇਸ ਸ਼ਬਦ ਨੂੰ ਕਦੋਂ ਅਤੇ ਕਿਵੇਂ ਪ੍ਰਤਿਸ਼ਠਤਾ ਪ੍ਰਾਪਤ ਹੋਈ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਓਮ ਦਾ ਮੂਲ ਧਾਤੂ 'ਅਵ' ਹੈ ਜਿਸ ਦੇ ਅਰਥ ਹਨ: ਰੱਖਿਆ ਕਰਨਾ, ਫੈਲਣਾ ਆਦਿ। ਓਮ ਦਾ ਸ਼ਬਦ ਰਿਗ ਵੇਦ ਵਿੱਚ ਕਿਧਰੇ ਨਹੀਂ ਮਿਲਦਾ। ਜਿਸ ਤੋਂ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਆਦਿਮ-ਧੁਨੀ ਨਹੀਂ ਸੀ। ਜਦੋਂ ਆਰੀਆ ਇੱਕ ਸੱਭਿਅਕ ਜਾਤੀ ਬਣ ਚੁਕੀ ਸੀ, ਉਦੋਂ ਹੀ ਇਹ ਧੁਨੀ ਉਨ੍ਹਾਂ ਦੇ ਧਾਰਮਿਕ ਜੀਵਨ ਦਾ ਅੰਗ ਬਣੀ। ਸੰਹਿਤਾ ਵਿੱਚ 'ਓਮ ਪ੍ਰਤਿਸ਼ਠਾ' ਤੇ 'ਓਮ ਸਰਵਯ' ਆਦਿ ਵਾਕਾਂ ਵਿੱਚ ਓਮ ਸ਼ਬਦ ਦੀ ਵਰਤੋਂ ਮਿਲਦੀ ਹੈ। ਬ੍ਰਾਹਮਣ ਵਿੱਚ ਇਸ ਸ਼ਬਦ ਦਾ ਨਿਸਚਿਤ ਪ੍ਰਯੋਗ ਹੋਇਆ ਹੈ। ਐਤਰਯ ਬ੍ਰਾਹਮਣ ਅਨੁਸਾਰ ਬਲੀ ਦੇ ਸਮੇਂ ਜਦੋਂ ਹੋਤਰ ਰਿਗ ਵੇਦ ਦੀਆਂ ਰਿਚਾਂ ਉਚਾਰਨ ਕਰਦਾ, ਤਾਂ ਅੱਗੋਂ ਅਧਵਰਯ 'ਓਮ' ਦੀ ਧੁਨੀ ਉਚਾਰਦਾ, ਪਰ ਜਦੋਂ ਹੋਤਰ ਗਾਥਾ ਪੜ੍ਹਦਾ ਤਾਂ ਉਹ 'ਤਥਾ' ਕਹਿੰਦਾ ਸੀ।

ਓਮ ਵੇਦਾਂ ਤੇ ਉਪਨਿਸ਼ਦਾਂ ਦਾ ਸਾਰ ਤੱਤਵ ਹੈ। ਸਭ ਤੋਂ ਪਹਿਲਾਂ ਇਸ ਸ਼ਬਦ ਦੀ ਮਹੱਤਤਾ ਐਤਰਯ ਬ੍ਰਾਹਮਣਾਂ ਅਨੁਸਾਰ ਇਹ ਸ਼ਬਦ ਤਿੰਨ ਧੁਨੀਆਂ ਓ, ਅ, ਮ ਦੇ ਸੰਜੋਗ ਤੋਂ ਬਣਿਆ। ਇਹ ਤਿੰਨੋਂ ਧੁਨੀਆਂ ਤਿੰਨ ਵਯਾੜਤੀਆਂ ਭੂਹ, ਭਵਾਹ ਅਤੇ ਸਵਰ ਤੋਂ ਬਣੀਆਂ ਹਨ। ਇਹ ਤਿੰਨੋਂ ਰਿਗ ਵੇਦ, ਯਜੁਰ ਵੇਦ ਤੇ ਸਾਮ ਵੇਦ ਦੀਆਂ ਵਾਚਕ ਹੋਣ ਤੋਂ ਇਲਾਵਾ ਅਗਨੀ, ਵਾਯੂ, ਆਦਿਤਯ ਦੇਵਤਿਆਂ ਦੀ ਦੇਣ ਹਨ। ਇਹੋ ਤਿੰਨੋਂ ਦੇਵਤੇ ਭੂਮੀ, ਵਾਯੂ ਮੰਡਲ ਤੇ ਪਵਨ ਦੀ ਵਿਰਾਟਤਾ ਵਿੱਚ ਪਸਰੇ ਹੋਏ ਹਨ। ਇਸ ਤਰ੍ਹਾਂ ਓਮ ਦੀ ਧੁਨੀ ਤਿੰਨਾਂ ਵੇਦਾਂ, ਤਿੰਨਾਂ ਦੇਵਤਿਆਂ ਅਤੇ ਤਿੰਨਾਂ ਲੋਕਾਂ ਦੀ ਵਾਚਕ ਹੈ।

ਉਪਨਿਸ਼ਦਾਂ ਵਿੱਚ ਇਸ ਸ਼ਬਦ ਦੀ ਮਹੱਤਤਾ ਹੋਰ ਵੀ ਵਧ ਗਈ। ਮੰਡੂਕਯ ਉਪਨਿਸ਼ਦ ਅਨੁਸਾਰ ਓਮ ਸ਼ਬਦ ਓ, ਅ, ਮ ਦੀਆਂ ਤਿੰਨ ਧੁਨੀਆਂ ਦੇ ਸੰਜੋਗ ਤੋਂ ਬਣਿਆ ਹੈ। ਇਹ ਤਿੰਨੋ ਧੁਨੀਆਂ ਤਰਤੀਬਵਾਰ ਜਾਗ੍ਰਤ, ਸੁਪਨ ਤੇ ਸ਼ਖੋਪਤ ਅਵਸਥਾ ਦੀਆਂ ਵਾਚਕ ਹਨ। ਸੋ 'ਓਮ' ਉਸ ਸਭ ਕੁਝ ਦਾ ਸਾਰ-ਤੱਤਵ ਹੈ ਜੋ ਜੀਵ ਤਿੰਨਾਂ ਅਵਸਥਾਵਾਂ ਵਿੱਚ ਅਨੁਭਵ ਕਰਦਾ ਹੈ ਅਥਵਾ ਓਮ ਸਰਗੁਣ ਸਰੂਪ ਦਾ ਬੋਧਿਕ ਹੈ, ਪਰ ਨਾਲ ਹੀ ਓਮ ਉਸ ਨਿਰਗੁਣ ਬ੍ਰਹਮ ਦਾ ਵੀ ਵਾਚਕ ਜਿਸ ਦਾ ਆਦਿ ਤੇ ਅੰਤ ਦੋਵੇਂ ਨਹੀਂ। ਗੁਰੂ ਗੋਬਿੰਦ ਸਿੰਘ ਨੇ ਜਾਪੁ ਸਾਹਿਬ ਵਿੱਚ ਇਸ ਵਿਚਾਰ ਨੂੰ ਇਉਂ ਪ੍ਰਗਟ ਕੀਤਾ ਹੈ-

*ਓਅੰ ਆਦਿ ਰੂਪੇ, ਅਨਾਦਿ ਸਰੂਪੇ। (ਜਾਪੁ)*

ਪਾਣਵ ਉਪਨਿਸ਼ਦ ਅਨੁਸਾਰ ਬ੍ਰਹਮ ਨੇ ਬ੍ਰਹਮਾ ਨੂੰ ਉਤਪੰਨ ਕੀਤਾ ਅਤੇ ਬ੍ਰਹਮਾ ਨੇ ਅੱਗੋਂ ਓਮ ਦੀ ਧੁਨੀ ਦੋ ਅੱਖਰਾਂ ਤੇ ਤਿੰਨ ਸ਼ਬਦਾਂਗਾਂ ਦੇ ਸੰਜੋਗ ਤੋਂ ਪੈਦਾ ਕੀਤੀ। ਓਮ ਸ਼ਬਦ ਦੇ ਪਹਿਲੇ ਅੱਖਰ ਦੇ ਉਚਾਰਨ ਨਾਲ ਜਲ ਦੀ ਉਤਪੱਤੀ ਹੋਈ। ਦੂਜੇ ਅੱਖਰ ਨਾਲ ਆਕਾਸ਼ ਮੰਡਲ ਦੇ ਚੰਨ ਸੂਰਜ ਤੇ ਤਾਰੇ ਪੈਦਾ ਹੋਏ। ਤੀਜਾ ਸ਼ਬਦਾਂਗ ਜੋ ਓ ਦੀ ਧੁਨੀ ਦਾ ਹੀ ਲੰਮਾ ਉਚਾਰਨ ਸੀ, ਨਾਲ ਭੂਮੀ, ਵਾਯੂ ਮੰਡਲ ਤੇ ਆਕਾਸ਼, ਅੱਗ, ਪਵਨ ਤੇ ਸੂਰਜ, ਤਿੰਨ ਵੇਦ, ਤਿੰਨ ਵਯਾੜਤੀਆਂ, ਤਿੰਨ ਛੰਦ, ਗਾਇਤਰੀ, ਤ੍ਰੀਸਤੁਭ ਤੇ ਜਗਤੀ ਆਦਿ ਉਤਪੰਨ ਹੋਏ। ਮੈਤਰੇਯੀ ਉਪਨਿਸ਼ਦ ਅਨੁਸਾਰ ਓਮ ਸੰਸਾਰ ਦੀਆਂ ਸਭ ਵਸਤੂਆਂ ਦਾ ਸਾਰ-ਤੱਤਵ ਹੈ।

ਓਮ ਨਾਲ ਕਾਫੀ ਸਾਰੀ ਲੋਕਧਾਰਾ ਵੀ ਜੁੜੀ ਹੋਈ ਹੈ। ਇਹ ਧੁਨੀ ਸੰਸਾਰ ਦੀਆਂ ਸਭ ਧੁਨੀਆਂ ਤੋਂ ਪਾਵਨ ਮੰਨੀ ਗਈ ਹੈ, ਕਿਉਂ ਜੋ ਬ੍ਰਹਮਾ ਨੇ ਬ੍ਰਹਿਮੰਡ ਦੀ ਰਚਨਾ ਸਮੇਂ ਇਸੇ ਧੁਨੀ ਦਾ ਉਚਾਰਨ ਕੀਤਾ ਸੀ।

ਓਮ ਤ੍ਰੈਮੂਰਤੀ ਦਾ ਪ੍ਰਤੀਕ ਹੈ। ਇਸ ਦੇ ਤਿੰਨ ਸਵਰ ਓ, ਅ, ਮ ਬ੍ਰਹਿਮੰਡ ਦੇ ਤਿੰਨ ਮੁਖ ਸੁਭਾਅ- ਉਤਪੱਤੀ, ਪਾਲਨਾ ਅਤੇ ਸੰਘਾਰ ਦੇ ਵਾਚਕ ਹਨ। ਇਸ ਨਾਤੇ ਓਮ, ਬ੍ਰਹਮਾ ਜੋ ਸੰਸਾਰ ਦੀ ਉਤਪੱਤੀ ਕਰਦਾ ਹੈ, ਵਿਸ਼ਨੂੰ ਜੋ ਸੰਸਾਰ ਨੂੰ ਪਾਲਦਾ ਪੋਸਦਾ ਹੈ ਤੇ ਸ਼ਿਵ ਜੋ ਸੰਸਾਰ ਦਾ ਵਿਨਾਸ਼ ਕਰਦਾ ਹੈ ਦੇ ਪ੍ਰਤੀਕ ਵੀ ਹੈ- 'ਓ' ਸ਼ਿਵ ਜੀ ਦਾ 'ਅ' ਵਿਸ਼ਨੂੰ ਦਾ ਅਤੇ 'ਮ' ਬ੍ਰਹਮਾ ਦਾ।

ਓਮ ਦਾ ਜਾਪ ਪ੍ਰਾਣੀ ਨੂੰ ਰਹੱਸਮਈ ਢੰਗ ਨਾਲ ਬ੍ਰਹਮ ਵਿੱਚ ਲੀਨ ਕਰ ਦੇਂਦਾ ਹੈ। ਓਮ ਵੇਦ ਦੇ ਬ੍ਰਿਛ ਦੀਆਂ ਜੜ੍ਹਾਂ ਤੇ ਫਲ ਹੈ। ਇਸ ਦੇ ਜਾਪ ਦੀ ਵੇਦ ਪਾਠ ਜਿਤਨੀ ਹੀ ਮਹੱਤਤਾ ਹੈ। ਕੌਸ਼ਿਕ ਸੂਤਰ ਅਨੁਸਾਰ ਓਮ ਦਾ ਇੱਕ ਹਜ਼ਾਰ ਵਾਰ ਜਾਪ ਕਰਨ ਨਾਲ ਸਭ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਓਮ ਦੇ ਜਾਪ ਨਾਲ ਭੂਤ-ਪ੍ਰੇਤ ਤੇ ਬਦਰੂਹਾਂ ਨੇੜੇ ਨਹੀਂ ਢੁਕਦੀਆਂ। ਸੰਸਕਾਰਾਂ ਤੇ ਰੀਤਾਂ ਰਸਮਾਂ ਦੇ ਆਰੰਭ ਵਿੱਚ ਵੀ ਹਿੰਦੂ ਓਮ ਦਾ ਉਚਾਰਨ ਕਰਦੇ ਹਨ।

ਹਿੰਦੂ ਓਮ ਦੀ ਧੁਨੀ ਨੂੰ ਪਵਿੱਤਰ ਸਮਝ ਕੇ ਗ੍ਰੰਥਾਂ ਅਤੇ ਚਿੱਠੀ ਪੱਤਰਾਂ ਦੇ ਆਰੰਭ ਵਿੱਚ ਲਿਖਦੇ ਹਨ। ਜਾਦੂ ਟੂਣੇ ਤੇ ਜੰਤਰ ਮੰਤਰ ਵਿੱਚ ਵੀ ਓਮ ਦੀ ਧੁਨੀ ਤੇ ਲਿਖਤ ਦੀ ਵਰਤੋਂ ਕੀਤੀ ਜਾਂਦੀ ਹੈ।

*(ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ)*

**PAGE SPONSORED BY : AHUJA FAMILY**

C-353, Defence Colony New Delhi 110 024 Phone: 011 - 4620485

Postal Regd. No. PB/0135/2000

~~Regd. No. Chandigarh [illegible]~~ RNI Regd. No. 46788/89

ISSN 0972-233










# ALLAHABAD BANK

(In the Service of Nation Since 1865)

Head Office : 2, Netaji Subhas Road, Calcutta- 700 001

Regional Office : Sector 17-B, Bank square, Chandigarh Tel : 0172-702912, 701590, 709458, Fax : 0172-704752

Internet Web : HTTP : // www . allahabadbank . com

2000 OFFICES / BRANCHES ALL OVER INDIA

*For loans of any nature, trust us to deliver the goods to you in with promptness and hassle free arrangement.*

* CAR FINANCE
* HOUSING FINANCE
* CONSUMER FINANCE
* EDUCATION LOAN
* SAVINGS BANK OVERDRAFT
* FLEXIFIX DEPOSIT
* CREDIT CARD
* GREEN CARD FOR FARMERS

A TRADITION OF TRUST

# "ALP - THE MARK OF QUALITY"

***A joint venture with Nishikawa Rubber Company of Japan***

***( World leading company in EPDM weatherstrips )***



## QUALITY SEALS FOR GLOBAL MARKET

Manufacturers of specialised EPDM rubber, sponge and flock products for the automotive original equipment and building markets

*UNDER THE BRAND NAME OF ALP, WE MANUFACTURE*

- **Flocked / PU Coated Glass Run Channels**
- **Celluar Profiles with Nylon Inserts**
- **PVC Trims**
- **Bus Body Building Profiles**
- **Windshield Rubber**
- **Co-extruded Profiles / Trims**
- **PVC Sponge Seals**
- **Building Profiles**

**The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.**

ALP

ANAND NISHIKAWA COMPANY LIMITED

**An ISO 9002 Company**

C - 10, Sector: 1, NOIDA (U.P.)

**Phone :** 0118 - 556528

**email :** anco.lalru@rmc.sprint.rpg.ems.vsnl.net.in

**Visit us at :** htto://www.indianauto.com/alp